ਸ਼ਹੀਦੀ ਸ਼ਤਾਬਦੀ ਪੁਸਤਕ
ਪ੍ਰਕਾਸ਼ਨਾ ਲੜੀ-3

# ਤੇਗ ਬਹਾਦਰ ਸਿਮਰਿਐ

(ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਪਵਿੱਤਰ ਜੀਵਨ, ਸ਼ਹਾਦਤ ਤੇ ਸੰਦੇਸ਼:
ਇਕ ਸੰਖੇਪ ਝਲਕ)



ਡਾ. ਸੰਦੀਪ ਸਿੰਘ

ਪਬਲੀਕੇਸ਼ਨ ਅਤੇ ਖੋਜ ਵਿਭਾਗ,
ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ,
ਕੁਰੂਕਸ਼ੇਤਰ

ਭੇਟਾ ਰਹਿਤ

©
Haryana Sikh Gurdwara Management Committee,
Kurukshetra

# TEG BAHADAR SIMRIYE

(Punjabi)

Writer:
Dr. Sandeep Singh
In-charge
Department of Publication & Research,
Haryana Sikh Gurdwara Management Committee,
Kurukshetra

Research Associate:
Gurmeet Singh Danoli

Typing Work:
Satnam Singh

First edition November 2025
4,000

Printer: Tejas Printers, Patiala

Published by Department of Publication & Research,
Haryana Sikh Gurdwara Management Committee,
Kurukshetra

# ਮੁੱਖ ਬੰਧ

ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਜੀਵਨ ਅਤੇ ਬਾਣੀ, ਮਾਨਵਤਾ ਲਈ ਸਦੀਵੀ ਚਾਨਣ ਮੁਨਾਰੇ ਦਾ ਕਾਰਜ ਕਰ ਰਹੇ ਹਨ ਜਿਨ੍ਹਾਂ ਤੋਂ ਮਨੁੱਖ ਨੂੰ ਅਧਿਆਤਮਕ ਮਾਰਗ ਅਤੇ ਰੂਹਾਨੀ ਜੀਵਨ ਸੰਬੰਧੀ ਸੇਧ ਪ੍ਰਾਪਤ ਹੁੰਦੀ ਹੈ। ਜਿਥੇ ਗੁਰੂ ਪਾਤਸ਼ਾਹ ਦਾ ਜੀਵਨ ਸੰਸਾਰਕ ਮਾਣ-ਵਡਿਆਈ, ਰੁਤਬਿਆਂ, ਧਨ-ਪਦਾਰਥਾਂ ਪਿੱਛੇ ਦੋੜ ਰਹੇ ਮਨੁੱਖ ਨੂੰ ਟਿਕਾਅ ਅਤੇ ਸ਼ਾਂਤੀ ਪ੍ਰਦਾਨ ਕਰਦਾ ਹੈ, ਉਥੇ ਉਨ੍ਹਾਂ ਦੀ ਬਾਣੀ ਵਿਸ਼ੇ-ਵਿਕਾਰਾਂ ਵਿਚ ਭਟਕ ਰਹੀ ਲੋਕਾਈ ਨੂੰ ਅਕਾਲ ਪੁਰਖ ਦੇ ਨਾਮ ਨਾਲ ਜੋੜਣ ਦਾ ਕਾਰਜ ਕਰਦੀ ਹੈ।

ਸ੍ਰੀ ਗੁਰੂ ਤੇਗ ਬਹਾਦਰ ਜੀ ਅਤੇ ਉਨ੍ਹਾਂ ਦੇ ਨਾਲ ਸ਼ਹੀਦ ਹੋਣ ਵਾਲੇ ਮਹਾਨ ਗੁਰਸਿੱਖਾਂ ਦੀ ਸ਼ਹਾਦਤ ਦੇ 350 ਸਾਲਾ ਸ਼ਹੀਦੀ ਸ਼ਤਾਬਦੀ ਦੇ ਮੌਕੇ ’ਤੇ ਸਿੱਖ ਸੰਗਤ ਦੁਆਰਾ ਗੁਰੂ ਪਾਤਸ਼ਾਹ ਦੀ ਸੰਖੇਪ ਜੀਵਨੀ ਦੀ ਲੋੜ ਮਹਿਸੂਸ ਕੀਤੀ ਜਾ ਰਹੀ ਸੀ। ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਦੇ ‘ਪਬਲੀਕੇਸ਼ਨ ਅਤੇ ਖੋਜ ਵਿਭਾਗ’ ਵੱਲੋਂ, ਗੁਰੂ ਸਾਹਿਬ ਦੀ ਸੰਖੇਪ ਜੀਵਨੀ ਅਤੇ ਬਾਣੀ ਸੰਬੰਧੀ, ਡਾ. ਸੰਦੀਪ ਸਿੰਘ ਦੁਆਰਾ ਤਿਆਰ ਕੀਤਾ ਗਿਆ ਟ੍ਰੈਕਟ ਪ੍ਰਕਾਸ਼ਿਤ ਕੀਤਾ ਜਾਣਾ, ਇਕ ਸਲਾਘਾਯੋਗ ਕਾਰਜ ਹੈ। ਗੁਰੂ ਪਾਤਸ਼ਾਹ ਦੇ ਚਰਨਾਂ ਵਿਚ ਅਰਦਾਸ ਹੈ ਕਿ ਉਹ ਸਮੂਹ ਪ੍ਰਾਣੀ ਜਗਤ ਨੂੰ ਨਾਮ-ਬਾਣੀ ਦੀ ਦਾਤ ਬਖਸ਼ਿਸ਼ ਕਰਨ।

**ਜਥੇਦਾਰ ਜਗਦੀਸ਼ ਸਿੰਘ ਝੀਂਡਾ,**

**ਪ੍ਰਧਾਨ,**

**ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ**

**ਕੁਰੂਕਸ਼ੇਤਰ।**

# ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਸੰਖੇਪ ਜੀਵਨ ਬਿਉਰਾ

► **ਪ੍ਰਕਾਸ਼-** ਵੈਸਾਖ ਵਦੀ 5, ਸੰਮਤ 1678 ਬਿਕਰਮੀ (1 ਅਪ੍ਰੈਲ, 1621 ਈ.)

► **ਪਿਤਾ ਜੀ-** ਸ੍ਰੀ ਗੁਰੂ ਹਰਿਗੋਬਿੰਦ ਸਾਹਿਬ, **ਮਾਤਾ ਜੀ-** ਮਾਤਾ ਨਾਨਕੀ ਜੀ।

► **ਭਰਾ ਅਤੇ ਭੈਣ-** ਬਾਬਾ ਗੁਰਦਿੱਤਾ ਜੀ, ਬੀਬੀ ਵੀਰੋ ਜੀ (ਵੱਡੇ ਭੈਣ), ਬਾਬਾ ਸੂਰਜ ਮੱਲ ਜੀ, ਬਾਬਾ ਅਣੀ ਰਾਇ ਜੀ ਅਤੇ ਬਾਬਾ ਅਟਲ ਰਾਇ ਜੀ।

► **ਦਾਦਾ ਜੀ-** ਸ੍ਰੀ ਗੁਰੂ ਅਰਜਨ ਦੇਵ ਜੀ, **ਦਾਦੀ ਜੀ-** ਮਾਤਾ ਗੰਗਾ ਜੀ।

► **ਨਾਨਾ ਜੀ-** ਭਾਈ ਹਰਿਚੰਦ ਜੀ, **ਨਾਨੀ ਜੀ-** ਬੀਬੀ ਹਰਦੇਈ ਜੀ।

► **ਵਿਆਹ-** ਭਾਈ ਲਾਲ ਚੰਦ ਅਤੇ ਬੀਬੀ ਬਿਸ਼ਨ ਕੌਰ ਦੇ ਸਪੁੱਤਰੀ ਮਾਤਾ ਗੁਜਰੀ ਜੀ ਨਾਲ 15 ਅੱਸੂ, ਸੰਮਤ 1689 ਬਿਕਰਮੀ (1632 ਈ.) ਨੂੰ ਕਰਤਾਰਪੁਰ (ਜਲੰਧਰ) ਵਿਖੇ ਹੋਇਆ।

► **ਅਠਵੇਂ ਪਾਤਸ਼ਾਹ ਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਗੁਰਿਆਈ ਦੀ ਬਖਸ਼ਿਸ਼-** ਚੇਤ ਸੁਦੀ 14, ਸੰਮਤ 1721 ਬਿਕਰਮੀ (30 ਮਾਰਚ, 1664 ਈ.) ਨੂੰ, ਦਿੱਲੀ ਵਿਖੇ। (ਭੱਟ ਵਹੀ ਭਾਦਸੋਂ, ਪਰਗਨਾ ਥਾਨੇਸਰ ਅਨੁਸਾਰ)

► **ਗੁਰਿਆਈ ਦੀ ਰਸਮੀ ਪ੍ਰਾਪਤੀ-** ਭਾਦੋਂ ਮਹੀਨੇ ਦੀ ਮੱਸਿਆ (ਭਾਦੋਂ ਵਦੀ 15) ਸੰਮਤ 1721 ਬਿਕਰਮੀ (11 ਅਗਸਤ, 1664 ਈ.) ਨੂੰ, ਬਾਬਾ ਬਕਾਲਾ ਵਿਖੇ।* (ਭੱਟ ਵਹੀ ਤਲਾਉਂਡਾ, ਪਰਗਣਾ ਜੀਂਦ ਦੇ ਵੇਰਵੇ ਅਨੁਸਾਰ)

► **ਚੱਕ ਮਾਤਾ ਨਾਨਕੀ (ਸ੍ਰੀ ਅਨੰਦਪੁਰ ਸਾਹਿਬ) ਨਗਰ ਦੀ ਸਥਾਪਨਾ-** 21 ਹਾੜ੍ਹ, ਸੰਮਤ 1722 ਬਿਕਰਮੀ (19 ਜੂਨ, 1665 ਈ.)।

► **ਮਾਲਵਾ, ਦੁਆਬਾ ਅਤੇ ਬਾਂਗਰ (ਮੌਜੂਦਾ ਹਰਿਆਣਾ) ਖੇਤਰਾਂ ਦੇ ਪ੍ਰਚਾਰ ਦੌਰੇ-** ਗੁਰਿਆਈ (ਅਗਸਤ 1664 ਈ.) ਤੋਂ ਨਵੰਬਰ 1665 ਈ. ਤੱਕ।

---

* ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਗੁਰੂ ਸਾਹਿਬ ਚੇਤ ਸੁਦੀ 14, ਸੰਮਤ 1722 ਬਿਕਰਮੀ (20 ਮਾਰਚ, 1665 ਈ.) ਨੂੰ ਗੁਰਿਆਈ 'ਤੇ ਬਿਰਾਜਮਾਨ ਹੋਏ।

► **ਪਹਿਲੀ ਗ੍ਰਿਫ਼ਤਾਰੀ-** ਕਤੱਕ ਸੁਦੀ 11, ਸੰਮਤ 1722 ਬਿਕਰਮੀ (8 ਨਵੰਬਰ, 1665 ਈ.) ਨੂੰ ਧਮਤਾਨ ਸਾਹਿਬ ਤੋਂ (ਮੌਜੂਦਾ ਹਰਿਆਣਾ ਰਾਜ ਵਿਚ)। 2 ਮਹੀਨੇ, 3 ਦਿਨ ਦੀ ਨਜ਼ਰਬੰਦੀ ਤੋਂ ਬਾਅਦ ਪੋਹ ਮਹੀਨੇ ਦੀ ਏਕਮ, ਸੰਮਤ 1722 ਬਿਕਰਮੀ (ਜਨਵਰੀ 1666 ਈ.) ਵਿਚ ਰਿਹਾਈ।

► **ਪੂਰਬੀ ਖੇਤਰਾਂ (ਉੱਤਰ ਪ੍ਰਦੇਸ਼, ਬਿਹਾਰ, ਪੱਛਮੀ ਬੰਗਾਲ, ਬੰਗਲਾ ਦੇਸ਼, ਆਸਾਮ ਆਦਿ) ਦੇ ਪ੍ਰਚਾਰ ਦੌਰੇ-** ਜਨਵਰੀ 1666 ਤੋਂ 1670 ਈ. ਤੱਕ (18 ਮਈ, 1670 ਈ. ਵਿਚ ਪਟਨਾ ਸਾਹਿਬ ਤੋਂ ਅਨੰਦਪੁਰ ਸਾਹਿਬ ਲਈ ਵਾਪਸੀ)।

► **ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਪੁੱਤਰ ਅਤੇ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼-** ਪੋਹ ਸੁਦੀ 7, ਸੰਮਤ 1723 ਬਿਕਰਮੀ (22 ਦਸੰਬਰ, 1666 ਈ.), ਪਟਨਾ ਸਾਹਿਬ, ਬਿਹਾਰ ਵਿਖੇ।

► **ਮਾਲਵਾ ਅਤੇ ਬਾਂਗਰ (ਮੌਜੂਦਾ ਹਰਿਆਣਾ) ਖੇਤਰਾਂ ਦੇ ਪ੍ਰਚਾਰ ਦੌਰੇ-** ਅਕਤੂਬਰ 1673 ਈ. ਤੋਂ 1674 ਈ. ਤੱਕ (ਲਗਪਗ ਇਕ ਸਾਲ) ।

► **ਕਸ਼ਮੀਰੀ ਬ੍ਰਾਹਮਣਾਂ ਦੇ ਵਫ਼ਦ (ਜੱਥੇ) ਦਾ ਗੁਰੂ ਸਾਹਿਬ ਕੋਲ ਆਪਣੇ ਧਰਮ ਦੀ ਰੱਖਿਆ ਲਈ ਫ਼ਰਿਆਦੀ ਹੋ ਕੇ ਆਉਣਾ-** ਜੇਠ ਸੁਦੀ 11, 1732 ਬਿ. (25 ਮਈ, 1675 ਈ.), ਪੰਡਿਤ ਕਿਰਪਾ ਰਾਮ ਦੱਤ ਦੀ ਅਗਵਾਈ ਵਿਚ ।

► **ਗੁਰੂ ਸਾਹਿਬ ਦੀ ਦੂਸਰੀ ਗ੍ਰਿਫ਼ਤਾਰੀ-** ਸਾਵਣ ਪਰਵਿਸ਼ਟੇ 11, ਸੰਮਤ 1732 ਬਿਕਰਮੀ (11 ਜੁਲਾਈ, 1675 ਈ.), ਮਲਕਪੁਰ ਰੰਘੜਾਂ ਤੋਂ ।

► **ਸ਼ਹੀਦੀ ਤੋਂ ਪਹਿਲਾ ਆਗਰਾ ਜਾਣ ਸਮੇਂ ਮਾਲਵਾ ਅਤੇ ਬਾਂਗਰ ਦੇ ਪ੍ਰਚਾਰ ਦੌਰੇ-** ਜੁਲਾਈ 1675 ਈ. ਤੋਂ ਨਵੰਬਰ 1675 ਈ.ਤੱਕ

► **ਆਗਰਾ ਵਿਚ ਤੀਜੀ ਗ੍ਰਿਫ਼ਤਾਰੀ-** ਨਵੰਬਰ 1675 ਈ. ਵਿਚ, ਹਸਨ ਅਲੀ ਨਾਮਕ ਗਰੀਬ ਆਜੜੀ ਰਾਹੀਂ।

► **ਸ਼ਹੀਦੀ-** ਮੱਘਰ ਸੁਦੀ 5, ਸੰਮਤ 1732 ਬਿਕਰਮੀ (11 ਨਵੰਬਰ, 1675 ਈ.), ਚਾਂਦਨੀ ਚੌਂਕ, ਦਿੱਲੀ ਵਿਚ।

► **ਸ਼ਹੀਦੀ ਸਮੇਂ ਸ਼ਾਸ਼ਕ-** ਮੁਗਲ ਬਾਦਸ਼ਾਹ ਔਰੰਗਜ਼ੇਬ।

► **ਸ਼ਹੀਦੀ ਦਾ ਫ਼ਤਵਾ ਜਾਰੀ ਕਰਨ ਵਾਲਾ ਕਾਜ਼ੀ-** ਕਾਜ਼ੀ ਅਬਦੁਲ ਵਹਾਬ ਵੋਹਰਾ।

► **ਸ਼ਹੀਦ ਕਰਨ ਵਾਲਾ ਜੱਲਾਦ-** ਸਮਾਣਾ ਨਿਵਾਸੀ ਜੱਲਾਲ-ਉਦ-ਦੀਨ ।

► **ਸ਼ਹੀਦੀ ਅਸਥਾਨ-** ਗੁਰਦੁਆਰਾ ਸੀਸ ਗੰਜ ਸਾਹਿਬ, ਚਾਂਦਨੀ ਚੌਂਕ,ਦਿੱਲੀ।

► **ਗੁਰੂ ਸਾਹਿਬ ਦੇ ਪਾਵਨ ਸ਼ਹੀਦੀ ਧੜ ਦਾ ਸਸਕਾਰ ਕਰਨ ਵਾਲੇ ਗੁਰਸਿੱਖ-** ਭਾਈ ਲੱਖੀ ਸ਼ਾਹ ਵਣਜਾਰਾ, ਜਿਨ੍ਹਾਂ ਨੇ ਭਾਈ ਧੂਮਾ ਅਤੇ ਆਪਣੇ ਤਿੰਨ ਪੁੱਤਰਾਂ- ਭਾਈ ਹੇਮਾ, ਭਾਈ ਨਗਾਹੀਆ ਅਤੇ ਭਾਈ ਹਾੜ੍ਹੀ ਦੀ ਮਦਦ ਨਾਲ ਇਹ ਸੇਵਾ ਕੀਤੀ।

► **ਪਾਵਨ ਧੜ ਦਾ ਸਸਕਾਰ ਅਸਥਾਨ-** ਗੁਰਦੁਆਰਾ ਰਕਾਬਗੰਜ ਸਾਹਿਬ, ਨਵੀਂ ਦਿੱਲੀ।

► **ਗੁਰੂ ਸਾਹਿਬ ਦੇ ਪਾਵਨ ਸੀਸ ਨੂੰ ਦਿੱਲੀ ਤੋਂ ਅਨੰਦਪੁਰ ਸਾਹਿਬ ਲੈ ਕੇ ਜਾਣ ਵਾਲੇ ਗੁਰਸਿੱਖ-** ਭਾਈ ਜੈਤਾ ਜੀ (ਬਾਬਾ ਜੀਵਨ ਸਿੰਘ), ਭਾਈ ਨਾਨੂ ਜੀ/ਨਨੂਆ ਜੀ ਅਤੇ ਭਾਈ ਉਦਾ ਜੀ ।

► **ਪਾਵਨ ਸੀਸ ਦਾ ਸਸਕਾਰ ਅਸਥਾਨ-** ਗੁਰਦੁਆਰਾ ਸੀਸ ਗੰਜ ਸਾਹਿਬ, ਸ੍ਰੀ ਅਨੰਦਪੁਰ ਸਾਹਿਬ।

► **ਗੁਰਿਆਈ ਦਾ ਕੁੱਲ ਸਮਾਂ-** 10 ਸਾਲ, 7 ਮਹੀਨੇ, 18 ਦਿਨ।

► **ਕੁੱਲ ਸਰੀਰਕ ਆਯੂ-** 54 ਸਾਲ, 7 ਮਹੀਨੇ, 7 ਦਿਨ।

► **ਸ੍ਰੀ ਗੁਰੂ ਬਹਾਦਰ ਜੀ ਦੀ ਕੁੱਲ ਬਾਣੀ-** 59 ਸ਼ਬਦ (15 ਰਾਗਾਂ ਵਿਚ) ਅਤੇ 57 ਸਲੋਕ, ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਹਨ।

*****

## ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਪਵਿੱਤਰ ਬਾਣੀ ਦਾ ਵੇਰਵਾ-

| ਰਾਗ | ਸ਼ਬਦ | ਅੰਗ |
|---|---|---|
| ਗਉੜੀ | 9 | 219-220 |
| ਆਸਾ | 1 | 411 |
| ਦੇਵਗੰਧਾਰੀ | 3 | 536 |
| ਬਿਹਾਗੜਾ | 1 | 537 |
| ਸੋਰਠਿ | 12 | 631-634 |
| ਧਨਾਸਰੀ | 4 | 684-685 |
| ਜੈਤਸਰੀ | 3 | 703 |
| ਟੋਡੀ | 1 | 718 |
| ਤਿਲੰਗ | 3 | 726-727 |
| ਬਿਲਾਵਲ | 3 | 830-831 |
| ਰਾਮਕਲੀ | 3 | 902 |
| ਮਾਰੂ | 3 | 1008 |
| ਬਸੰਤ | 5 | 1186-1187 |
| ਸਾਰੰਗ | 4 | 1231-1232 |
| ਜੈਜਾਵੰਤੀ | 4 | 1352-1353 |
| 'ਸਲੋਕ ਵਾਰਾਂ ਤੇ ਵਧੀਕ' ਵਿਚ 'ਸਲੋਕ ਮਹਲਾ ੯' ਦੇ ਸਿਰਲੇਖ ਅਧੀਨ ਰਾਗ ਮੁਕਤ ਬਾਣੀ | 57 ਸਲੋਕ | 1426-1429 |

**ਕੁੱਲ ਬਾਣੀ- 116 (59 ਸ਼ਬਦ ਅਤੇ 57 ਸਲੋਕ)**

ਸਿੱਖ ਧਰਮ ਦੇ ਨੌਂਵੇਂ ਪਾਤਸ਼ਾਹ 'ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ' ਧਾਰਮਿਕ ਆਜ਼ਾਦੀ ਅਤੇ ਮਾਨਵੀ ਅਧਿਕਾਰਾਂ ਦੀ ਰੱਖਿਆ ਲਈ ਦਿੱਤੀ ਗਈ ਆਪਣੀ ਲਾਸਾਨੀ ਸ਼ਹਾਦਤ ਲਈ ਵਿਸ਼ੇਸ਼ ਤੌਰ 'ਤੇ ਜਾਣੇ ਜਾਂਦੇ ਹਨ। ਉਨ੍ਹਾਂ ਨੇ ਆਪਣੇ ਦਰ 'ਤੇ ਫ਼ਰਿਆਦੀ ਹੋ ਕੇ ਆਏ ਕਸ਼ਮੀਰੀ ਬ੍ਰਾਹਮਣਾਂ ਦੀ ਫ਼ਰਿਆਦ, ਆਪਣਾ ਸੀਸ ਦੇ ਕੇ ਪੂਰੀ ਕੀਤੀ। ਇਸ ਮਹਾਨ ਕੁਰਬਾਨੀ ਲਈ ਉਨ੍ਹਾਂ ਨੂੰ ਹਿੰਦੂ ਧਰਮ ਵਿਚ 'ਹਿੰਦ ਦੀ ਚਾਦਰ' ਕਹਿ ਕੇ ਵੀ ਸਤਿਕਾਰ ਪ੍ਰਦਾਨ ਕੀਤਾ ਜਾਂਦਾ ਹੈ ਪਰੰਤੂ ਗੁਰੂ ਸਾਹਿਬ ਜੀ ਦੀ ਸ਼ਹਾਦਤ ਕਿਸੇ ਖ਼ਾਸ ਖਿੱਤੇ ਜਾਂ ਧਰਮ ਤੱਕ ਹੀ ਸੀਮਿਤ ਨਹੀਂ ਹੈ। 'ਗੁਰ ਸੋਭਾ' ਨਾਮਕ ਸ੍ਰੋਤ ਗ੍ਰੰਥ ਵਿਚ ਕਵੀ ਸੈਨਾਪਤਿ ਨੇ ਗੁਰੂ ਸਾਹਿਬ ਜੀ ਨੂੰ 'ਸ੍ਰਿਸਟੀ ਦੀ ਚਾਦਰ' ਕਹਿ ਕੇ ਉਨ੍ਹਾਂ ਦੀ ਸ਼ਹਾਦਤ ਨੂੰ ਪ੍ਰਣਾਮ ਕੀਤਾ ਹੈ ਜਿਨ੍ਹਾਂ ਨੇ ਆਪਣੀ ਸ਼ਹੀਦੀ ਨਾਲ ਸਮੁੱਚੀ ਸ੍ਰਿਸਟੀ ਦੀ ਲਾਜ-ਪੱਤ ਨੂੰ ਕਾਇਮ ਰੱਖਿਆ।

ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਪ੍ਰਕਾਸ਼ ਵਿਸਾਖ ਵਦੀ 5, ਸੰਮਤ 1678 ਬਿਕਰਮੀ (1 ਅਪ੍ਰੈਲ, 1621 ਈ.) ਨੂੰ ਸਵਾ ਪਹਿਰ ਰਾਤ ਰਹਿੰਦਿਆਂ, ਪਿਤਾ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਗ੍ਰਿਹਿ ਵਿਖੇ ਮਾਤਾ ਨਾਨਕੀ ਜੀ ਦੀ ਕੁੱਖੋਂ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਹੋਇਆ।[1] ਇਤਿਹਾਸ ਵਿਚ ਜ਼ਿਕਰ ਆਉਂਦਾ ਹੈ ਕਿ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਨਵਜਨਮੇ ਬਾਲਕ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਸਿਰ ਝੁਕਾ ਕੇ ਪ੍ਰਣਾਮ ਕੀਤਾ ਅਤੇ ਫ਼ੁਰਮਾਇਆ ਕਿ ਇਹ ਬਾਲਕ ਦੀਨ-ਦੁਖੀਆਂ ਦੇ ਸੰਕਟ ਦੂਰ ਕਰੇਗਾ ਅਤੇ ਧਰਮ ਦੀ ਰੱਖਿਆ ਕਰੇਗਾ।[2] ਇਨ੍ਹਾਂ ਦੇ ਜਨਮ ਅਸਥਾਨ 'ਤੇ 'ਗੁਰਦੁਆਰਾ ਗੁਰੂ ਕੇ ਮਹਿਲ' ਸੁਭਾਇਮਾਨ ਹੈ।

---

[1] ਗਿਆਨੀ ਗਿਆਨ ਸਿੰਘ, *ਪੰਥ ਪ੍ਰਕਾਸ਼*, ਪੰਨਾ 156, ਭਾਸ਼ਾ ਵਿਭਾਗ, ਪੰਜਾਬ, 1987.

[2] *ਗੁਰ ਬਿਲਾਸ ਪਾਤਸ਼ਾਹੀ-੬*, ਅਧਿਆਇ ਨੌਂਵਾਂ, ਬੰਦ 1037-38, ਪੰਨਾ 455, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1997.

ਪਰਿਵਾਰਕ ਪਿਛੋਕੜ ਪੱਖੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਇਕ ਅਮੀਰ ਵਿਰਾਸਤ ਦੇ ਮਾਲਕ ਸਨ। ਮੀਰੀ ਪੀਰੀ ਦੇ ਮਾਲਕ, ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਇਨ੍ਹਾਂ ਦੇ ਪਿਤਾ ਅਤੇ ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ ਇਨ੍ਹਾਂ ਦੇ ਦਾਦਾ ਜੀ ਸਨ। ਚੌਥੇ ਪਾਤਸ਼ਾਹ, ਸ੍ਰੀ ਗੁਰੂ ਰਾਮਦਾਸ ਜੀ ਰਿਸ਼ਤੇ ਵਿਚ ਇਨ੍ਹਾਂ ਦੇ ਪੜਦਾਦਾ ਜੀ ਲੱਗਦੇ ਸਨ ਅਤੇ ਤੀਸਰੇ ਪਾਤਸ਼ਾਹ ਸ੍ਰੀ ਗੁਰੂ ਅਮਰਦਾਸ ਜੀ ਇਨ੍ਹਾਂ ਦੀ ਪੜਦਾਦੀ ਬੀਬੀ ਭਾਨੀ ਦੇ ਪਿਤਾ ਜੀ ਸਨ।

ਆਪਣੇ ਭੈਣ-ਭਰਾਵਾਂ— ਬਾਬਾ ਗੁਰਦਿੱਤਾ ਜੀ, ਬੀਬੀ ਵੀਰੋ ਜੀ, ਬਾਬਾ ਸੂਰਜ ਮੱਲ ਜੀ, ਬਾਬਾ ਅਣੀ ਰਾਇ ਜੀ ਅਤੇ ਬਾਬਾ ਅਟੱਲ ਰਾਇ ਜੀ ਤੋਂ ਗੁਰੂ ਸਾਹਿਬ ਜੀ ਉਮਰ ਪੱਖੋਂ ਸਭ ਤੋਂ ਛੋਟੇ ਅਤੇ ਛੇਵੇਂ ਸਥਾਨ ’ਤੇ ਸਨ।

ਸ੍ਰੀ ਗੁਰੂ ਤੇਗ ਬਹਾਦਰ ਜੀ ਬਚਪਨ ਤੋਂ ਹੀ ਅਧਿਆਤਮਿਕ ਬਿਰਤੀਆਂ ਦੇ ਮਾਲਕ ਸਨ। ਜ਼ਰੂਰਤ ਅਨੁਸਾਰ ਹੀ ਬੋਲਦੇ ਅਤੇ ਬਹੁਤਾ ਸਮਾਂ ਸ਼ਾਂਤ ਰਹਿੰਦੇ। ਆਪਣਾ ਸਮਾਂ ਦੁਨੀਆਵੀਂ ਗੱਲਾਂ-ਬਾਤਾਂ ਦੀ ਥਾਂ ਗੁਰਬਾਣੀ ਪੜ੍ਹਣ ਅਤੇ ਕੀਰਤਨ ਸੁਣਨ ਵਿਚ ਬਤੀਤ ਕਰਦੇ ਸਨ। ਇਕ ਵਾਰ ਮਾਤਾ ਨਾਨਕੀ ਜੀ ਨੇ ਫਿਕਰਮੰਦ ਹੋ ਕੇ ਛੇਵੇਂ ਪਾਤਸ਼ਾਹ ਕੋਲ ਇਹ ਚਿੰਤਾ ਵੀ ਵਿਅਕਤ ਕੀਤੀ ਕਿ ਸ਼ਾਇਦ ਕਿਸੇ ਸਰੀਰਕ ਤਕਲੀਫ਼ ਕਾਰਨ ਬਾਲ ਗੁਰੂ ਸਾਹਿਬ ਜੀ ਬਹੁਤ ਘੱਟ ਬੋਲਦੇ-ਖੇਡਦੇ ਹਨ। ਛੇਵੇਂ ਪਾਤਸ਼ਾਹ ਨੇ ਫ਼ੁਰਮਾਇਆ ਕਿ ਚਿੰਤਾ ਵਾਲੀ ਕੋਈ ਗੱਲ ਨਹੀਂ ਹੈ, ਇਹ ਜਨਮ ਤੋਂ ਹੀ ਉਸ ਅਕਾਲ ਪੁਰਖ ਨਾਲ ਇਕਮਿਕ ਹਨ।

ਗੁਰੂ ਸਾਹਿਬ ਜੀ ਦੀ ਵਿਦਿਆ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਦੇਖ-ਰੇਖ ਵਿਚ ਹੋਈ। ਗੁਰੂ ਸਾਹਿਬ ਜੀ ਨੇ ਬਾਬਾ ਬੁੱਢਾ ਜੀ, ਭਾਈ ਗੁਰਦਾਸ ਜੀ, ਭਾਈ ਜੇਠਾ ਜੀ, ਭਾਈ ਬਿਧੀ ਚੰਦ, ਭਾਈ ਅਬਦੁੱਲਾ ਅਤੇ ਭਾਈ ਬਾਬਕ ਜੀ ਵਰਗੇ ਗੁਣੀ-ਵਿਦਵਾਨਾਂ ਪਾਸੋਂ ਗੁਰਮਤਿ, ਸ਼ਸਤਰ-ਸ਼ਾਸਤਰ, ਸੰਗੀਤ ਆਦਿ ਵਿਦਿਆ ਪ੍ਰਾਪਤ ਕੀਤੀਆਂ।

15 ਅੱਸੂ, ਸੰਮਤ 1689 ਬਿਕਰਮੀ (1632 ਈ.) ਨੂੰ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਵਿਆਹ ਕਰਤਾਰਪੁਰ ਨਿਵਾਸੀ ਭਾਈ ਲਾਲ ਚੰਦ ਜੀ ਅਤੇ ਬੀਬੀ ਬਿਸ਼ਨ ਕੌਰ ਜੀ ਦੀ ਸਪੁੱਤਰੀ ਮਾਤਾ ਗੁਜਰੀ ਜੀ ਨਾਲ ਹੋਇਆ[3] ਜਿਨ੍ਹਾਂ ਦਾ ਪਿਛਲਾ ਨਿਵਾਸ 'ਲਖਨੌਰ' ਨਾਮਕ ਨਗਰ (ਮੌਜੂਦਾ ਜ਼ਿਲ੍ਹਾ ਅੰਬਾਲਾ, ਹਰਿਆਣਾ) ਵਿਚ ਸੀ।

ਸਿੱਖ ਰਵਾਇਤ ਅਨੁਸਾਰ ਗੁਰੂ ਸਾਹਿਬ ਜੀ ਦੇ ਬਚਪਨ ਦਾ ਨਾਮ 'ਤਿਆਗ ਮੱਲ' ਸੀ। 1634 ਈ. ਵਿਚ ਕਰਤਾਰਪੁਰ ਦੀ ਜੰਗ ਵਿਚ 13 ਕੁ ਸਾਲਾਂ ਦੇ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਮੈਦਾਨਿ-ਜੰਗ ਵਿਚ ਆਪਣੀ ਤੇਗ ਦੇ ਜੌਹਰ ਵਿਖਾਏ ਅਤੇ ਹਮਲਾਵਰਾਂ ਦਾ ਬਹਾਦਰੀ ਨਾਲ ਟਾਕਰਾ ਕੀਤਾ। ਪਿਤਾ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਤੇਗ ਚਲਾਉਣ ਦੀ ਕਲਾ ਤੋਂ ਖੁਸ਼ ਹੋ ਕੇ ਇਨ੍ਹਾਂ ਨੂੰ 'ਤੇਗ ਬਹਾਦਰ' ਖਿਤਾਬ ਬਖਸ਼ਿਆ ਜਿਸ ਤੋਂ ਬਾਅਦ ਗੁਰੂ ਜੀ 'ਤੇਗ ਬਹਾਦਰ' ਦੇ ਨਾਮ ਨਾਲ ਪ੍ਰਸਿੱਧ ਹੋਏ।[4] ਸਿੱਖ ਸ੍ਰੋਤ ਗ੍ਰੰਥਾਂ ਵਿਚ ਇਸ ਗੱਲ ਦੇ ਵੀ ਸੰਕੇਤ[5] ਮਿਲਦੇ ਹਨ ਕਿ ਛੇਵੇਂ ਪਾਤਸ਼ਾਹ ਨੇ ਗੁਰੂ ਸਾਹਿਬ ਜੀ ਦਾ ਨਾਮ ਜਨਮ ਤੋਂ ਹੀ 'ਤੇਗ ਬਹਾਦਰ' ਰੱਖਿਆ ਸੀ।

1644 ਈ. ਵਿਚ ਜੋਤੀ-ਜੋਤਿ ਸਮਾਉਣ ਤੋਂ ਪਹਿਲਾਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਸ੍ਰੀ ਗੁਰੂ ਹਰਿਰਾਇ ਜੀ ਨੂੰ ਗੁਰਿਆਈ ਦੀ ਬਖਸ਼ਿਸ ਕੀਤੀ ਅਤੇ

---

[3] ਗੁਰੁਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 519, ਲਾਹੌਰ ਬੁੱਕ ਸ਼ਾਪ, ਲੁਧਿਆਣਾ, 2024.

[4] ਇਸ ਸੰਬੰਧੀ ਵੇਰਵੇ ਲਈ ਵੇਖੋ- ਪ੍ਰਿੰ. ਸਤਿਬੀਰ ਸਿੰਘ ਰਚਿਤ ਪੁਸਤਕਾਂ- *'ਸਾਡਾ ਇਤਿਹਾਸ'* ਭਾਗ ਪਹਿਲਾ, ਪੰਨਾ 326, ਨਿਊ ਬੁੱਕ ਕੰਪਨੀ, ਜਲੰਧਰ, 2021 ਅਤੇ *ਬਡੋ ਕਲੂ ਮਹਿ ਸਾਕਾ*, ਪੰਨਾ 16, ਦਿੱਲੀ ਸਿੱਖ ਗੁਰਦੁਆਰਾ ਮੈਨੇਜਮੇਂਟ ਕਮੇਟੀ, 1975.

[5] *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ*, ਜਿਲਦ ਸਤਵੀਂ, ਰਾਸਿ 5, ਅੰਸੂ 63, ਪੰਨਾ 2763, ਭਾਸ਼ਾ ਵਿਭਾਗ, ਪੰਜਾਬ, 2011 ਅਤੇ *ਗੁਰ ਬਿਲਾਸ ਪਾਤਸ਼ਾਹੀ-੬*, ਅਧਿਆਇ ਨੌਂਵਾਂ, ਪੰਨਾ 455.

ਮਾਤਾ ਨਾਨਕੀ ਜੀ, ਸ੍ਰੀ ਗੁਰੂ ਤੇਗ ਬਹਾਦਰ ਜੀ ਅਤੇ ਮਾਤਾ ਗੁਜਰੀ ਜੀ ਨੂੰ 'ਬਕਾਲਾ' ਨਗਰ ਵਿਚ ਰਹਿਣ ਦਾ ਹੁਕਮ[6] ਕੀਤਾ। ਉਨ੍ਹਾਂ ਨੇ ਮਾਤਾ ਨਾਨਕੀ ਜੀ ਨੂੰ ਇਕ ਰੁਮਾਲ, ਇਕ ਕਟਾਰ ਅਤੇ ਇਕ ਪੋਥੀ ਦੀ ਬਖਸ਼ਿਸ਼ ਕਰ ਕੇ ਬਚਨ[7] ਕੀਤਾ ਕਿ ਸਮਾਂ ਆਉਣ 'ਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਗੁਰਿਆਈ ਪ੍ਰਾਪਤ ਹੋਵੇਗੀ।

'ਪੰਥ ਪ੍ਰਕਾਸ਼' ਅਨੁਸਾਰ[8] ਇਸ ਤੋਂ ਅਗਲੇ ਵੀਹ ਸਾਲ (1644-1664 ਈ.) ਸ੍ਰੀ ਗੁਰੂ ਤੇਗ ਬਹਾਦਰ ਜੀ ਨੇ 'ਬਕਾਲਾ' ਨਗਰ ਵਿਚ ਨਿਵਾਸ ਕੀਤਾ। ਇਸ ਨਗਰ ਵਿਚ ਗੁਰੂ ਸਾਹਿਬ ਜੀ ਦੀ ਰਿਹਾਇਸ਼ ਭਾਈ ਮਿਹਰੂ ਜੀ ਦੇ ਘਰ ਵਿਚ ਸੀ ਜਿਥੇ ਮਾਤਾ ਨਾਨਕੀ ਜੀ ਅਤੇ ਮਾਤਾ ਗੁਜਰੀ ਜੀ ਉਨ੍ਹਾਂ ਦੇ ਨਾਲ ਰਹੇ। ਇਸ ਦੌਰਾਨ ਉਨ੍ਹਾਂ ਨੇ ਅਕਾਲ ਪੁਰਖ ਦੀ ਬੰਦਗੀ ਕਰਦੇ ਹੋਏ ਸੰਜਮ ਭਰਪੂਰ ਇਕਾਂਤ ਜੀਵਨ ਬਤੀਤ ਕੀਤਾ। ਬਕਾਲਾ ਨਗਰ ਵਿਚ ਨਿਵਾਸ ਕਰਨ ਸਮੇਂ ਗੁਰੂ ਸਾਹਿਬ ਜੀ ਆਪਣੇ ਕੋਲ ਆਉਣ ਵਾਲੇ ਜਿਗਿਆਸੂਆਂ ਦੀ ਅਧਿਆਤਮਿਕ ਜਿਗਿਆਸਾ ਨੂੰ ਸ਼ਾਂਤ ਕਰ ਕੇ ਗੁਰਮਤਿ ਦਾ ਮਾਰਗ ਵੀ ਦ੍ਰਿੜ੍ਹ ਕਰਵਾਉਂਦੇ[9] ਅਤੇ ਕਈ ਵਾਰ ਸ਼ਸਤਰ ਅਭਿਆਸ ਲਈ ਸ਼ਿਕਾਰ ਖੇਡਣ ਵੀ ਚਲੇ ਜਾਂਦੇ।[10] ਭੱਟ ਵਹੀਆਂ ਅਨੁਸਾਰ[11] ਬਾਬਾ ਬਕਾਲਾ ਨਿਵਾਸ ਉਨ੍ਹਾਂ ਨੇ ਸਿੱਖ ਧਰਮ ਦੇ ਪ੍ਰਚਾਰ

---

[6] *ਗੁਰ ਬਿਲਾਸ ਪਾਤਸ਼ਾਹੀ-੬*, ਅਧਿਆਇ ਇਕੀਵਾਂ, ਬੰਦ 587, ਪੰਨਾ 857.

[7] ਗਿਆਨੀ ਗਿਆਨ ਸਿੰਘ, *ਸ੍ਰੀ ਗੁਰ ਪੰਥ ਪ੍ਰਕਾਸ਼ (ਪੂਰਬਾਰਧ)*, ਅਧਿਆਇ 33 (ਡਿਜੀਟਲ ਪ੍ਰਕਾਸ਼ਨ), ਪ੍ਰਕਾਸ਼ਕ ਭਾਈ ਬਲਜਿੰਦਰ ਸਿੰਘ (ਰਾੜਾ ਸਾਹਿਬ), ਪੰਨਾ 721.

[8] ਗਿਆਨੀ ਗਿਆਨ ਸਿੰਘ, *ਪੰਥ ਪ੍ਰਕਾਸ਼*, ਪੰਨਾ 157.

[9] ਪ੍ਰਿੰ. ਸਤਿਬੀਰ ਸਿੰਘ,*ਇਤਿ ਜਿਨਿ ਕਰੀ*, ਪੰਨੇ 31-32, ਨਿਊ ਬੁੱਕ ਕੰਪਨੀ, ਜਲੰਧਰ, 1975.

[10] *ਮਹਿਮਾ ਪ੍ਰਕਾਸ਼*, ਭਾਗ ਦੂਜਾ, ਖੰਡ ਦੂਜਾ, ਪੰਨਾ 625, ਭਾਸ਼ਾ ਵਿਭਾਗ, ਪੰਜਾਬ, 2021.

[11] ਭੱਟ ਵਹੀ ਤਲਾਉਂਡਾ, ਪਰਗਣਾ ਜੀਂਦ ਅਨੁਸਾਰ ਗੁਰੂ ਸਾਹਿਬ ਹਾੜ ਪਰਵਿਸ਼ਟੇ 11, ਸੰਮਤ 1713 ਬਿਕਰਮੀ (9 ਜੂਨ, 1656 ਈ.) ਨੂੰ ਮਾਤਾ ਗੁਜਰੀ ਜੀ, ਮਾਤਾ ਨਾਨਕੀ ਜੀ, (ਚਲਦਾ... (ਪਿਛਲੇ

ਲਈ ਪੂਰਬ ਵੱਲ ਦੇ ਪ੍ਰਚਾਰ ਦੌਰੇ ਵੀ ਕੀਤੇ।

ਗੁਰੂ ਸਾਹਿਬ ਜੀ ਦੇ 'ਬਾਬਾ ਬਕਾਲਾ' ਨਿਵਾਸ ਦੌਰਾਨ 1661 ਈ. ਵਿਚ ਸਤਵੇਂ ਪਾਤਸ਼ਾਹ ਦੇ ਜੋਤੀ-ਜੋਤਿ ਸਮਾਉਣ ਤੋਂ ਬਾਅਦ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਅੱਠਵੇਂ ਗੁਰੂ ਬਣੇ। 1664 ਈ. ਵਿਚ ਅੱਠਵੇਂ ਪਾਤਸ਼ਾਹ ਨੇ ਦਿੱਲੀ ਵਿਚ ਜੋਤੀ-ਜੋਤਿ ਸਮਾਉਣ ਤੋਂ ਪਹਿਲਾਂ ਅਗਲੇ ਗੁਰੂ ਸਾਹਿਬ ਜੀ ਸੰਬੰਧੀ ਬਚਨ ਕੀਤਾ- 'ਬਾਬਾ ਬਸਹਿ ਜਿ ਗ੍ਰਾਮ ਬਕਾਲੇ। ਬਨਿ ਗੁਰ, ਸੰਗਤਿ ਸਕਲ ਸਮਾਲੇ।'[12] ਭਾਵ ਸੰਗਤ ਦੀ ਸੰਭਾਲ ਕਰਨ ਵਾਲੇ ਅਗਲੇ ਗੁਰੂ 'ਬਕਾਲਾ' ਨਗਰ ਵਿਚ ਨਿਵਾਸ ਕਰਦੇ ਹਨ ਜੋ ਰਿਸ਼ਤੇ 'ਚ ਉਨ੍ਹਾਂ ਦੇ ਬਾਬਾ (ਦਾਦਾ) ਲੱਗਦੇ ਹਨ। ਇਸ ਬਚਨ ਵਿਚ ਗੁਰਿਆਈ ਸੰਬੰਧੀ, ਸ੍ਰੀ ਗੁਰੂ ਤੇਗ ਬਹਾਦਰ ਜੀ ਵੱਲ ਸਪੱਸ਼ਟ ਸੰਕੇਤ ਸਨ। 'ਭੱਟ ਵਹੀ ਤਲਾਉਂਡਾ, ਪਰਗਣਾ ਜੀਂਦ, ਖਾਤਾ ਜਲਾਹਨੋਂ' ਕਾ ਅਨੁਸਾਰ ਅੱਠਵੇਂ ਪਾਤਸ਼ਾਹ ਨੇ ਜੋਤੀ-ਜੋਤਿ ਸਮਾਉਣ ਤੋਂ ਪਹਿਲਾਂ ਆਪਣੀ ਮਾਤਾ ਸੁਲੱਖਣੀ ਜੀ ਦੀ ਅਗਵਾਈ ਵਿਚ ਦੀਵਾਨ ਦਰਘਾ ਮੱਲ, ਚਉਪਤ ਰਾਇ, ਜੇਠਾ, ਮਨੀ ਰਾਮ, ਨਾਨੂ ਨੂੰ ਜਥੇ ਦੇ ਰੂਪ ਵਿਚ ਗੁਰਿਆਈ ਦੀਆਂ ਰਸਮਾਂ ਪੂਰੀਆਂ ਕਰਨ ਲਈ 'ਬਕਾਲਾ' ਨਗਰ ਵਿਚ ਵੀ ਭੇਜਿਆ।

ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਗੁਰੂ ਰੂਪ ਵਿਚ ਪ੍ਰਗਟ ਹੋਣ ਵਾਲੀ ਘਟਨਾ

---

ਪੰਨੇ ਦਾ ਬਾਕੀ...) ਆਪਣੇ ਪਰਿਵਾਰਕ ਸਾਕ-ਸੰਬੰਧੀਆਂ ਅਤੇ ਗੁਰਸਿੱਖਾਂ ਨਾਲ ਪੂਰਬ ਯਾਤਰਾ ਵੱਲ ਰਵਾਨਾ ਹੋਏ। 'ਭੱਟ ਵਹੀ ਪੂਰਬੀ ਦੱਖਣੀ, ਖਾਤਾ ਬੜਤੀਆਂ ਕਾ' ਅਨੁਸਾਰ ਹਾੜ ਸੁਦੀ 5, ਸੰਮਤ 1718 ਬਿਕਰਮੀ (1661 ਈ.) ਨੂੰ ਗੁਰੂ ਸਾਹਿਬ ਬਨਾਰਸ ਪਹੁੰਚੇ ਅਤੇ ਸ੍ਰੀ ਗੁਰੂ ਹਰਿਰਾਇ ਸਾਹਿਬ ਦੇ ਜੋਤਿ-ਜੋਤਿ ਸਮਾਉਣ ਤੋਂ ਬਾਅਦ ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਪਟਨਾ ਤੋਂ ਮੌਜੂਦਾ ਪ੍ਰਯਾਗਰਾਜ ਹੁੰਦੇ ਹੋਏ ਮਾਘ ਸੁਦੀ 5, ਸੰਮਤ 1719 ਬਿਕਰਮੀ (1662 ਈ.) ਨੂੰ ਕੀਰਤਪੁਰ ਸਾਹਿਬ ਆਏ।

[12] *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ*, ਜਿਲਦ ਦਸਵੀਂ, ਰਾਸਿ 10, ਅੰਸੂ 52, ਪੰਨਾ 3960.

ਭਾਈ ਮੱਖਣ ਸ਼ਾਹ ਲੁਬਾਣਾ ਨਾਲ ਸੰਬੰਧਿਤ ਹੈ ਜੋ ਆਪਣੇ ਸਮੇਂ ਦਾ ਇਕ ਵੱਡਾ ਵਪਾਰੀ ਸੀ। ਬੈਲ-ਗੱਡੀਆਂ ਅਤੇ ਸਮੁੰਦਰੀ ਜਹਾਜ਼ਾਂ ਰਾਹੀਂ ਉਸ ਦਾ ਵੱਡੇ ਪੱਧਰ ’ਤੇ ਵਪਾਰ ਹੁੰਦਾ ਸੀ।

ਸੂਰਤ ਦੀ ਬੰਦਰਗਾਹ ਦੇ ਨੇੜੇ ਆਪਣਾ ਮਾਲ-ਅਸਬਾਬ ਵਾਲਾ ਫਸਿਆ ਹੋਇਆ ਸਮੁੰਦਰੀ ਜਹਾਜ਼, ਗੁਰੂ ਚਰਨਾਂ ਵਿਚ ਕੀਤੀ ਅਰਦਾਸ ਨਾਲ, ਸਹੀ ਸਲਾਮਤ ਕਿਨਾਰੇ ਲੱਗ ਜਾਣ ਦੇ ਸ਼ੁਕਰਾਨੇ ਵਜੋਂ ਜਦੋਂ ਉਹ 500 ਮੋਹਰਾਂ ਦਾ ਬਣਦਾ ਦਸਵੰਧ ਭੇਟ ਕਰਨ ਦਿੱਲੀ ਪਹੁੰਚਿਆਂ ਤਾਂ ਅੱਠਵੇਂ ਪਾਤਸ਼ਾਹ ਜੋਤੀ-ਜੋਤਿ ਸਮਾ ਚੁੱਕੇ ਸਨ। ਇਸ ਲਈ ਜਦੋਂ ਉਹ ਦਿੱਲੀ ਤੋਂ ‘ਬਕਾਲਾ’ ਪਹੁੰਚਿਆ ਤਾਂ ਸਿੱਖ ਰਵਾਇਤ ਅਨੁਸਾਰ ਉਥੇ 22 ਭੇਖੀ ਵਿਅਕਤੀ ਗੱਦੀਆਂ ਲਗਾ ਕੇ ਬੈਠੇ ਸਨ ਅਤੇ ਆਪਣੇ ਗੁਰੂ ਹੋਣ ਦਾ ਦਾਅਵਾ ਕਰ ਰਹੇ ਸਨ। ਭਾਈ ਮੱਖਣ ਸ਼ਾਹ ਲੁਬਾਣਾ ਨੇ ਹਰ ਭੇਖੀ ਵਿਅਕਤੀ ਅੱਗੇ 2-2 ਮੋਹਰਾਂ ਰੱਖ ਕੇ ਮੱਥਾ ਟੇਕਿਆ। ਅਖੀਰ ਜਦੋਂ ਉਸ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਨਿਵਾਸ ਵਿਚ ਪਹੁੰਚ ਕੇ ਉਨ੍ਹਾਂ ਦੇ ਸਾਹਮਣੇ 2 ਮੋਹਰਾਂ ਰੱਖ ਕੇ ਮੱਥਾ ਟੇਕਿਆ ਤਾਂ ਗੁਰੂ ਸਾਹਿਬ ਜੀ ਨੇ ਉਸ ਨੂੰ ਸਮੁੰਦਰ ਵਿਚ ਜਹਾਜ਼ ਫਸਣ, ਉਸ ਜਹਾਜ਼ ਲਈ ਕੀਤੀ ਗਈ ਅਰਦਾਸ ਅਤੇ ਦਸਵੰਧ ਦੀ ਭੇਟਾ ਬਾਰੇ ਦੱਸਿਆ। ਅਸਲੀ ਗੁਰੂ ਮਿਲ ਜਾਣ ਦੀ ਖੁਸ਼ੀ ਵਿਚ ਭਾਈ ਮੱਖਣ ਸ਼ਾਹ ਲੁਬਾਣਾ ਨੇ ਛੱਤ ਤੇ ਚੜ੍ਹ ਕੇ ਹੱਥ ਨਾਲ ਆਪਣੇ ਗਲ ਦਾ ਪੱਲਾ ਹਿਲਾਉਂਦੇ ਹੋਏ ਉੱਚੀ-ਉੱਚੀ ਕਿਹਾ- ‘ਗੁਰੂ ਲਾਧੋ ਰੇ’ ਭਾਵ ਸੱਚਾ ਗੁਰੂ ਲੱਭ ਗਿਆ ਹੈ। ਇਸ ਪ੍ਰਕਾਰ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਭਾਈ ਮੱਖਣ ਸ਼ਾਹ ਲੁਬਾਣਾ ਰਾਹੀਂ ਆਪਣੇ ਆਪ ਨੂੰ ਸਿੱਖ ਧਰਮ ਦੇ ਨੌਂਵੇਂ ਗੁਰੂ ਦੇ ਰੂਪ ਵਿਚ ਪ੍ਰਗਟ ਕੀਤਾ।

ਸੰਮਤ 1721 ਬਿਕਰਮੀ ਦੇ ਭਾਦੋਂ ਦੇ ਮਹੀਨੇ ਦੀ ਮੱਸਿਆ (11 ਅਗਸਤ, 1664 ਈ.) ਨੂੰ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੁਆਰਾ ਗੁਰਿਆਈ ਦੀਆਂ ਰਸਮਾਂ ਪੂਰੀਆਂ ਕਰਨ ਲਈ ਭੇਜਿਆ ਗਿਆ ਜਥਾ ਬਕਾਲਾ ਨਗਰ ਵਿਖੇ

ਪਹੁੰਚਿਆ[13] ਅਤੇ ਬਾਬਾ ਬੁੱਢਾ ਜੀ ਦੀ ਚੌਥੀ ਪੀੜ੍ਹੀ ਵਿਚੋਂ ਅਤੇ ਬਾਬਾ ਝੰਡਾ ਜੀ ਦੇ ਸਪੁੱਤਰ ਭਾਈ ਗੁਰਦਿੱਤਾ ਜੀ ਨੇ[14] ਸੰਗਤ ਦੇ ਸਜੇ ਦੀਵਾਨ ਵਿਚ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਗੁਰਿਆਈ ਦੀਆਂ ਰਸਮਾਂ ਨਿਭਾਈਆਂ। ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਪਵਿੱਤਰ ਯਾਦ ਨਾਲ ਜੁੜਿਆ ਹੋਣ ਕਾਰਨ ਇਹ 'ਬਕਾਲਾ' ਨਗਰ ਵਰਤਮਾਨ ਵਿਚ 'ਬਾਬਾ ਬਕਾਲਾ' ਦੇ ਨਾਮ ਨਾਲ ਜਾਣਿਆ ਜਾਂਦਾ ਹੈ।

ਗੁਰਿਆਈ ਦੀ ਰਸਮ ਤੋਂ ਬਾਅਦ ਈਰਖਾ ਅਧੀਨ ਹੋ ਕੇ ਧੀਰ ਮੱਲ ਨੇ ਗੁਰੂ ਸਾਹਿਬ ਜੀ ਨੂੰ ਸਰੀਰਕ ਨੁਕਸਾਨ ਪਹੁੰਚਾਉਣ ਲਈ ਉਨ੍ਹਾਂ ਉੱਪਰ ਸੀਂਹੇ ਮਸੰਦ ਰਾਹੀਂ ਗੋਲੀ ਚਲਵਾਈ। ਇਹ ਗੋਲੀ ਗੁਰੂ ਸਾਹਿਬ ਜੀ ਦੇ ਮੱਥੇ ਨੂੰ ਥੋੜ੍ਹਾ ਜਿਹਾ ਛੂਹ ਕੇ ਨਿਕਲ ਗਈ ਅਤੇ ਗੁਰੂ ਸਾਹਿਬ ਜੀ ਦਾ ਕੋਈ ਨੁਕਸਾਨ ਨਾ ਹੋਇਆ। ਸਾਂਤੀ ਅਤੇ ਖਿਮਾ ਦੀ ਮੂਰਤਿ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਧੀਰ ਮੱਲ ਨੂੰ ਮੰਦਾ ਜਾਂ ਗਲਤ ਬੋਲਣ ਦੀ ਥਾਂ ਫੁਰਮਾਇਆ- 'ਭਲੇ ਧੀਰਮਲ ਭਲੇ ਜੀ, ਭਲੇ ਧੀਰਮਲ ਧੀਰ।'[15] (ਭਾਵ ਧੀਰ ਮੱਲ ਤੇਰਾ ਭਲਾ ਹੋਵੇ।)

ਗੁਰਿਆਈ ਪ੍ਰਾਪਤੀ ਤੋਂ ਬਾਅਦ ਸ੍ਰੀ ਗੁਰੂ ਤੇਗ ਬਹਾਦਰ ਜੀ ਦੁਆਰਾ ਮਾਝਾ, ਦੁਆਬਾ ਅਤੇ ਮਾਲਵਾ ਇਲਾਕੇ ਵਿਚ ਪ੍ਰਚਾਰ ਯਾਤਰਾਵਾਂ[16] ਕੀਤੀਆਂ ਗਈਆਂ। ਗੁਰੂ ਪਾਤਸ਼ਾਹ ਦੇ ਅਹਿਮ ਕਾਰਜਾਂ ਵਿਚ ਉਨ੍ਹਾਂ ਦੁਆਰਾ ਕੀਤੀਆਂ ਗਈਆਂ ਪ੍ਰਚਾਰ ਯਾਤਰਾਵਾਂ ਦਾ ਵਿਸ਼ੇਸ਼ ਸਥਾਨ ਹੈ ਜੋ ਉਨ੍ਹਾਂ ਨੇ ਪੰਜਾਬ, ਬਾਂਗਰ (ਮੌਜੂਦਾ ਹਰਿਆਣਾ), ਉੱਤਰ ਪ੍ਰਦੇਸ਼, ਬਿਹਾਰ, ਬੰਗਾਲ, ਬੰਗਲਾ ਦੇਸ਼, ਆਸਾਮ

---

[13] ਭੱਟ ਵਹੀ ਤਲਾਉਂਡਾ, ਪਰਗਣਾ ਜੀਂਦ ਦੇ ਵੇਰਵੇ ਅਨੁਸਾਰ।

[14] ਗਿਆਨੀ ਗਿਆਨ ਸਿੰਘ, *ਸ੍ਰੀ ਗੁਰ ਪੰਥ ਪ੍ਰਕਾਸ਼* (ਡਿਜੀਟਲ ਪ੍ਰਕਾਸ਼ਨ), ਪੰਨਾ 730

[15] *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ*, ਜਿਲਦ ਦਸਵੀਂ, ਰਾਸਿ 11, ਅੰਸੂ 12, ਪੰਨਾ 4022

[16] ਯਾਤਰਾ ਸਥਾਨਾਂ ਦੇ ਵੇਰਵੇ ਦਾ ਆਧਾਰ ਪ੍ਰਿੰ. ਸਤਿਬੀਰ ਸਿੰਘ ਰਚਿਤ ਪੁਸਤਕ *'ਇਤਿ ਜਿਨਿ ਕਰੀ'* ਅਤੇ ਗਿਆਨੀ ਗਿਆਨ ਸਿੰਘ ਰਚਿਤ *'ਤਵਾਰੀਖ ਗੁਰੂ ਖਾਲਸਾ'* ਨੂੰ ਬਣਾਇਆ ਗਿਆ ਹੈ।

ਆਦਿ ਦੇ ਇਲਾਕਿਆਂ ਵਿਚ ਕੀਤੀਆਂ ਅਤੇ ਗੁਰੂ ਨਾਨਕ ਦੇਵ ਜੀ ਦੇ ਲਗਾਏ ਸਿੱਖੀ ਦੇ ਬੂਟੇ ਨੂੰ ਮੁੜ ਸਿੰਜਿਆ।

ਗੁਰੂ ਸਾਹਿਬ ਜੀ ਬਕਾਲਾ, ਸਠਿਆਲਾ, ਰਈਆ, ਕਾਲੇਕੇ, ਸ੍ਰੀ ਅੰਮ੍ਰਿਤਸਰ ਸਾਹਿਬ, ਵੱਲਾ, ਖਡੂਰ ਸਾਹਿਬ ਆਦਿ ਨਗਰਾਂ ਤੋਂ ਲੱਖੀ ਜੰਗਲ ਹੁੰਦੇ ਹੋਏ ਸਾਬੋ ਕੀ ਤਲਵੰਡੀ, ਕੋਟ ਧਰਮੂ, ਬਰ੍ਹਾ, ਬਛੋਆਣਾ, ਗੋਬਿੰਦਪੁਰਾ, ਲਹਿਰਾ-ਗਾਗਾ, ਲਹਿਲ ਕਲਾਂ, ਮਕਰੋੜ ਸਾਹਿਬ ਆਦਿ ਨਗਰਾਂ ਵਿਚ ਪ੍ਰਚਾਰ ਕਰਦੇ ਹੋਏ ਬਾਂਗਰ (ਮੌਜੂਦਾ ਹਰਿਆਣਾ) ਦੇ ਪ੍ਰਸਿੱਧ ਅਸਥਾਨ ਧਮਤਾਨ ਸਾਹਿਬ ਪਹੁੰਚੇ। ਗੁਰੂ ਕੀਆਂ ਸਾਖੀਆਂ[17] ਅਤੇ ਮਹਿਮਾ ਪ੍ਰਕਾਸ਼ ਸ੍ਰੋਤ ਗ੍ਰੰਥ[18] ਅਨੁਸਾਰ ਗੁਰੂ ਸਾਹਿਬ ਜੀ ਇਸ ਸਥਾਨ ਨੂੰ ਸਿੱਖੀ ਪ੍ਰਚਾਰ ਦੇ ਹੈਡ ਕੁਆਟਰ ਵਜੋਂ ਵਿਕਸਿਤ ਕੀਤਾ ਅਤੇ ਸੰਗਤਾਂ ਦੀ ਬੇਨਤੀ ਪ੍ਰਵਾਨ ਕਰ ਕੇ ਇਸ ਅਸਥਾਨ ਵਿਚ ਆਪਣੇ ਰਿਹਾਇਸ਼ੀ ਮਕਾਨ ਬਣਵਾਏ ਅਤੇ ਖੂਹ ਲਗਵਾਇਆ। 'ਗੁਰੂ ਕੀਆਂ ਸਾਖੀਆਂ' ਅਨੁਸਾਰ[19] ਗੁਰੂ ਘਰ ਦੇ ਸ਼ਰਧਾਲੂ ਬਿਲਾਸਪੁਰ ਦੇ ਰਾਜਾ ਦੀਪ ਚੰਦ ਦੇ ਦੇਹਾਂਤ ਦੀ ਖਬਰ ਮਿਲਣ 'ਤੇ ਗੁਰੂ ਸਾਹਿਬ ਜੀ ਰਾਜਾ ਦੀਪ ਚੰਦ ਦੀ ਸਤਾਰਵੀਂ 'ਤੇ ਰਾਣੀ ਚੰਪਾ ਦੇਵੀ ਨੂੰ ਦਿਲਾਸਾ ਦੇਣ ਲਈ ਕੀਰਤਪੁਰ ਸਾਹਿਬ ਤੋਂ ਬਿਲਾਸਪੁਰ ਪਹੁੰਚੇ। ਰਾਣੀ ਚੰਪਾ ਦੇਵੀ ਨੇ ਗੁਰੂ ਸਾਹਿਬ ਜੀ ਨੂੰ ਬਿਲਾਸਪੁਰ ਰਿਆਸਤ ਵਿਚ ਨਗਰ ਵਸਾਉਣ ਲਈ ਜ਼ਮੀਨ ਭੇਟ ਕਰਨ ਦੀ ਇੱਛਾ ਵਿਅਕਤ ਕੀਤੀ ਤਾਂ ਗੁਰੂ ਸਾਹਿਬ ਜੀ ਨੇ ਇਹ ਜ਼ਮੀਨ ਬਗੈਰ ਮੁੱਲ ਲੈਣ ਦੀ ਥਾਂ, 500 ਰੁਪਏ ਮੁੱਲ ਦੇ ਕੇ ਮਾਖੋਵਾਲ, ਸਹੋਟਾ ਤੇ ਲੋਧੀਪੁਰ ਤਿੰਨ ਪਿੰਡਾਂ ਦੀ ਜ਼ਮੀਨ, ਨਵਾਂ ਨਗਰ ਵਸਾਉਣ ਲਈ ਖਰੀਦੀ। 21 ਹਾੜ, ਸੰਮਤ 1722 ਬਿਕਰਮੀ (19 ਜੂਨ, 1665 ਈ.) ਨੂੰ

---

[17] *ਗੁਰੂ ਕੀਆਂ ਸਾਖੀਆਂ*, ਪੰਨਾ 70, ਸਿੰਘ ਬ੍ਰਦਰਜ਼, ਅੰਮ੍ਰਿਤਸਰ, 2008.

[18] *ਮਹਿਮਾ ਪ੍ਰਕਾਸ਼*, ਭਾਗ ਦੂਜਾ, ਖੰਡ ਦੂਜਾ, ਪੰਨਾ 638.

[19] *ਗੁਰੂ ਕੀਆਂ ਸਾਖੀਆਂ*, ਪੰਨੇ 71-72

ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਇਨ੍ਹਾਂ ਤਿੰਨ ਪਿੰਡਾਂ ਦੀ ਸਾਂਝੀ ਜ਼ਮੀਨ 'ਤੇ, ਬਾਬਾ ਬੁੱਢਾ ਜੀ ਦੇ ਚੌਥੇ ਵੰਸ਼ਜ ਅਤੇ ਬਾਬਾ ਝੰਡਾ ਜੀ ਦੇ ਸਪੁੱਤਰ ਭਾਈ ਗੁਰਦਿੱਤਾ ਜੀ ਤੋਂ ਨਵੇਂ ਨਗਰ ਦੀ ਨੀਂਹ ਰਖਵਾਈ ।[20] ਇਸ ਨਵੇਂ ਨਗਰ ਦਾ ਨਾਮ ਮਾਤਾ ਨਾਨਕੀ ਜੀ ਦੇ ਨਾਮ 'ਤੇ 'ਚੱਕ ਮਾਤਾ ਨਾਨਕੀ' ਰੱਖਿਆ ਗਿਆ ਜੋ ਬਾਅਦ ਵਿਚ 'ਸ੍ਰੀ ਅਨੰਦਪੁਰ ਸਾਹਿਬ' ਦੇ ਨਾਮ ਨਾਲ ਪ੍ਰਸਿੱਧ ਹੋਇਆ। ਨਵੇਂ ਨਗਰ ਦੀ ਉਸਾਰੀ ਦੀ ਨਿਗਰਾਨੀ ਦਾ ਕਾਰਜ ਭਾਈ ਭਾਗੂ ਜੀ, ਭਾਈ ਰਾਮਾ ਜੀ, ਭਾਈ ਸਾਧੂ ਮੁਲਤਾਨੀ ਜੀ ਅਤੇ ਭਾਈ ਦੇਸ ਰਾਜ ਜੀ ਆਦਿ ਗੁਰਸਿੱਖਾਂ ਨੂੰ ਸੌਂਪ ਕੇ ਸੰਮਤ 1722 ਬਿਕਰਮੀ ਦੇ ਅੱਸੂ ਮਹੀਨੇ ਵਿਚ (3 ਅਕਤੂਬਰ, 1665 ਈ.) ਵਿਚ ਗੁਰੂ ਸਾਹਿਬ ਜੀ ਸਿੱਖੀ ਪ੍ਰਚਾਰ ਲਈ ਮਾਤਾ ਗੁਜਰੀ ਜੀ, ਮਾਤਾ ਨਾਨਕੀ ਜੀ ਅਤੇ ਸਿੱਖਾਂ ਸਮੇਤ ਅਨੰਦਪੁਰ ਸਾਹਿਬ ਤੋਂ ਪੂਰਬ ਵੱਲ ਰਵਾਨਾ ਹੋਏ।[21] ਇਸ ਦੌਰਾਨ ਗੁਰੂ ਜੀ ਕੀਰਤਪੁਰ ਸਾਹਿਬ, ਘਨੌਲੀ, ਰੋਪੜ, ਦੁੱਗਰੀ, ਕੋਟਲੀ, ਘੜੂੰਆਂ, ਨੰਦਪੁਰ- ਕਲੌੜ, ਬਹੇੜ, ਮਕਾਰਪੁਰ, ਨੌਲੱਖਾ, ਆਕੜ, ਸੈਫ਼ਾਬਾਦ (ਮੌਜੂਦਾ ਬਹਾਦਰਗੜ੍ਹ), ਲਹਿਲ ਪਿੰਡ (ਮੌਜੂਦਾ ਗੁਰਦੁਆਰਾ ਦੂਖ ਨਿਵਾਰਨ ਸਾਹਿਬ, ਪਟਿਆਲਾ), ਸਮਾਣਾ, ਮੂਲੋਵਾਲ, ਸੇਖਾ, ਫਰਵਾਹੀ, ਹੰਡਿਆਇਆ, ਭੀਖੀ, ਗੰਢੂਆਂ, ਖਿਆਲਾ ਕਲਾਂ, ਮੌੜ ਮੰਡੀ ਆਦਿ ਸਥਾਨਾਂ ਤੋਂ ਹੁੰਦੇ ਹੋਏ ਦੂਜੀ ਵਾਰ ਧਮਤਾਨ ਸਾਹਿਬ ਨਗਰ ਵਿਚ ਪਹੁੰਚੇ। 'ਭੱਟ ਵਹੀ ਜਾਦੋਬੰਸੀਆਂ ਕੀ,

---

[20] ਗੁਰੂ ਤੇਗ ਬਹਾਦਰ ਜੀ ਮਹਲ ਨਾਵਾਂ ਸਾਲ ਸਤਰਾਂ ਸੈ ਬਾਈਸ ਅਸਾਢ ਪਰਵਿਸ਼ਟੇ ਇਕੀਸ ਸੋਮਵਾਰ ਕੋ ਮਾਖੋਵਾਲ ਕੇ ਥੇਹ ਤੇ ਗਾਮ ਬਸਾਇਆ। ਨਾਮ ਚੱਕ ਨਾਨਕੀ ਰਾਖਾ।

*-ਭੱਟ ਵਹੀ ਮੁਲਤਾਨੀ ਸਿੰਧੀ, ਖਾਤਾ ਬਲਾਉਤੋਂ ਕਾ।*

[21] ਪ੍ਰਿੰ. ਸਤਿਬੀਰ ਸਿੰਘ, *ਇਤਿ ਜਿਨਿ ਕਰੀ*, ਪੰਨੇ 77-78.

ਖਾਤਾ ਬੜਤੀਓਂ ਕਾ' ਅਨੁਸਾਰ[22] ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਮੁਗ਼ਲ ਬਾਦਸ਼ਾਹ ਔਰੰਗਜ਼ੇਬ ਦੇ ਹੁਕਮ ਨਾਲ ਆਲਮ ਖਾਂ ਰੁਹੇਲਾ ਦੁਆਰਾ ਕਤੱਕ ਸੁਦੀ 11 (08 ਨਵੰਬਰ, 1665 ਈ.) ਨੂੰ ਧਮਤਾਨ ਸਾਹਿਬ ਤੋਂ ਗ੍ਰਿਫ਼ਤਾਰ ਕੀਤਾ ਗਿਆ। ਰਾਜਾ ਜੈ ਸਿੰਘ ਦੇ ਪੁੱਤਰ ਰਾਜਾ ਰਾਮ ਸਿੰਘ ਦੇ ਯਤਨਾਂ ਨਾਲ[23] ਗੁਰੂ ਸਾਹਿਬ ਜੀ ਨੂੰ 2 ਮਹੀਨੇ 3 ਦਿਨ ਦੀ ਨਜ਼ਰਬੰਦੀ ਤੋਂ ਬਾਅਦ ਰਿਹਾਅ ਕਰ ਦਿੱਤਾ ਗਿਆ। ਇਹ ਗੁਰੂ ਸਾਹਿਬ ਜੀ ਦੀ ਪਹਿਲੀ ਗ੍ਰਿਫ਼ਤਾਰੀ ਸੀ ਜੋ ਗੁਰੂ ਸਾਹਿਬ ਜੀ ਦੀ ਸ਼ਹੀਦੀ ਤੋਂ ਲਗਪਗ 10 ਸਾਲ ਪਹਿਲਾਂ ਹੋਈ। ਇਸ ਗ੍ਰਿਫ਼ਤਾਰੀ ਤੋਂ ਸਪੱਸ਼ਟ ਸੀ ਕਿ ਔਰੰਗਜ਼ੇਬ, ਸਿੱਖ ਧਰਮ ਅਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਪ੍ਰਚਾਰ ਨੂੰ ਆਪਣੀ ਹਕੂਮਤ ਲਈ ਵੱਡਾ ਖਤਰਾ ਸਮਝਦਾ ਸੀ।

ਰਿਹਾਈ ਤੋਂ ਬਾਅਦ ਗੁਰੂ ਜੀ ਮਥੁਰਾ, ਆਗਰਾ, ਕਾਨਪੁਰ, ਕੜ੍ਹਾ-ਮਾਣਕਪੁਰ, ਇਲਾਹਾਬਾਦ (ਮੌਜੂਦਾ ਪ੍ਰਯਾਗਰਾਜ), ਮਿਰਜ਼ਾਪੁਰ, ਬਨਾਰਸ, ਸਾਸਾਰਾਮ, ਗਯਾ ਆਦਿ ਸਥਾਨਾਂ ਵਿਚ ਪ੍ਰਚਾਰ ਕਰਦੇ ਹੋਏ ਪਟਨਾ ਸਾਹਿਬ ਪਹੁੰਚੇ। ਆਪਣੇ ਪਰਿਵਾਰ ਅਤੇ ਮੁਖੀ ਸਿੱਖਾਂ ਨੂੰ ਪਟਨਾ ਸਾਹਿਬ ਵਿਚ ਠਹਿਰਾਅ ਕੇ ਗੁਰੂ ਜੀ ਬੰਗਾਲ-ਆਸਾਮ ਦੀ ਪ੍ਰਚਾਰ ਯਾਤਰਾ ਵੱਲ ਚਲੇ ਗਏ ਅਤੇ ਸਾਹਿਬ

---

[22] ਗੁਰੂ ਤੇਗ ਬਹਾਦਰ ਜੀ ਮਹਲ ਨਾਵੇਂ ਕੋ ਨਗਰ ਧਮਤਾਨ ਪਰਗਨਾ ਬਾਂਗਰ ਸੇ ਆਲਮ ਖਾਨ ਰੁਹੇਲਾ ਸ਼ਾਹੀ ਹੁਕਮ ਗੈਲ ਦਿਲੀ ਕੋ ਲੇ ਕਰ ਆਇਆ। ਸਾਲ ਸਤਰਾਂ ਸੈ ਬਾਈਸ ਕਾਤਕ ਸੁਦੀ ਗਿਆਰਸ ਕੋ। ਸਾਥ ਸਤੀ ਦਾਸ, ਮਤੀ ਦਾਸ ਬੇਟੇ ਹੀਰਾ ਮਲ ਕੇ, ਗੁਆਲ ਦਾਸ ਬੇਟਾ ਛਟੇ ਮਲ ਕੇ ਛਿਬਰ, ਗੁਰਦਾਸ ਬੇਟਾ ਕੀਰਤ ਬੜਤੀਏ ਕਾ, ਸੰਗਤ ਬੇਟਾ ਬਿਨੈ ਕਾ ਉਪਲ, ਜੇਠਾ, ਦਿਆਲ ਦਾਸ ਬੇਟੇ ਮਾਈ ਦਾਸ ਕੇ, ਹੋਰ ਸਿੱਖ ਫਕੀਰ ਸਾਥ ਆਏ।...ਦੋ ਮਾਸ ਤੀਨ ਦਿਨ ਗੁਰੂ ਕੀ ਬੰਦ ਰਹੇ। ਸੰਮਤ ਸਤਰਾਂ ਸੈ ਬਾਈਸ ਕ੍ਰਿਸ਼ਨਾ ਪਖੇ ਪੋਸ ਮਾਖ ਕੀ ਏਕਮ ਕੋ ਮੁਕਤ ਹੁਏ।

-ਭੱਟ ਵਹੀ ਜਾਦੋਬੰਸੀਓਂ ਕੀ, ਖਾਤਾ ਕਨਾਵਤ ਬੜਤੀਓਂ ਕਾ।

[23] ਪ੍ਰਿੰ. ਤੇਜਾ ਸਿੰਘ ਅਤੇ ਡਾ. ਗੰਡਾ ਸਿੰਘ, *ਸਿੱਖ ਇਤਿਹਾਸ (1469-1765),* ਪੰਨੇ 51-52. ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2006.

ਗੰਜ, ਭਾਗਲਪੁਰ, ਕੰਤ ਨਗਰ*, ਰਾਜਗ੍ਰਹਿ, ਸਾਹਿਬ ਗੰਜ, ਮਾਲਦਾ ਆਦਿ ਸਥਾਨਾਂ ਤੋਂ ਹੁੰਦੇ ਹੋਏ ਮੌਜੂਦਾ ਬੰਗਲਾ ਦੇਸ਼ ਦੇ ਢਾਕਾ ਨਾਮਕ ਸਥਾਨ 'ਤੇ ਪਹੁੰਚੇ। ਇੱਥੇ ਹੀ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਸ਼ੁੱਭ ਸਮਾਚਾਰ ਪ੍ਰਾਪਤ ਹੋਇਆ ਕਿ ਪੋਹ ਸੁਦੀ 7, ਸੰਮਤ 1723 ਬਿਕਰਮੀ (22 ਦਸੰਬਰ, 1666 ਈ.) ਨੂੰ ਪਟਨਾ ਸਾਹਿਬ ਵਿਖੇ ਉਨ੍ਹਾਂ ਦੇ ਘਰ ਇੱਕ ਸੁੰਦਰ ਅਤੇ ਤੇਜਸਵੀ ਪੁੱਤਰ ਦਾ ਪ੍ਰਕਾਸ਼ (ਜਨਮ) ਹੋਇਆ ਹੈ[24] ਜਿਸ ਦਾ ਨਾਮ ਗੁਰੂ ਸਾਹਿਬ ਜੀ ਨੇ 'ਗੋਬਿੰਦ ਦਾਸ'* ਰੱਖਿਆ। ਸਮਾਂ ਆਉਣ 'ਤੇ ਇਨ੍ਹਾਂ ਨੇ ਸਿੱਖ ਧਰਮ ਦੇ ਦਸਵੇਂ ਪਾਤਸ਼ਾਹ 'ਸ੍ਰੀ ਗੁਰੂ ਗੋਬਿੰਦ ਸਿੰਘ' ਦੇ ਰੂਪ ਵਿਚ ਸਿੱਖ ਪੰਥ ਦੀ ਅਗਵਾਈ ਕੀਤੀ।

ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਢਾਕਾ ਤੋਂ ਅੱਗੇ ਆਸਾਮ ਤੱਕ ਦੇ ਇਲਾਕਿਆਂ ਵਿਚ ਸਿੱਖੀ ਦਾ ਪ੍ਰਚਾਰ ਕੀਤਾ ਅਤੇ ਆਸਾਮ ਦੇ ਧੁਬੜੀ ਨਾਮਕ

---

* ਇਹ ਸਥਾਨ ਬਿਹਾਰ ਰਾਜ ਦੇ ਕਟਿਹਾਰ ਜ਼ਿਲ੍ਹੇ ਵਿਚ ਸਥਿਤ ਹੈ। ਇਸ ਇਲਾਕੇ ਦੇ 8 ਤੋਂ 10 ਪਿੰਡ ਸਿੱਖ ਆਬਾਦੀ ਵਾਲੇ ਪਿੰਡ ਹਨ ਜਿਨ੍ਹਾਂ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਇਸ ਇਲਾਕੇ ਵਿਚ ਆਮਦ ਦੇ ਸਮੇਂ (1666 ਈ.) ਤੋਂ ਹੀ ਸਿੱਖੀ ਸਰੂਪ ਅਤੇ ਸਿੱਖੀ ਵਿਰਾਸਤ ਨੂੰ ਸੰਭਾਲਿਆ ਹੋਇਆ ਹੈ। ਇਨ੍ਹਾਂ ਪਿੰਡਾਂ ਦੇ ਬਹੁਤਾਤ ਸਿੱਖ ਖੇਤੀਬਾੜੀ ਦਾ ਕਾਰਜ ਕਰਦੇ ਹਨ ਜੋ ਆਪਣੀ ਪਛਾਣ ਨੂੰ ਗੁਰੂ ਸਾਹਿਬ ਨਾਲ ਜੋੜਦੇ ਹੋਏ, ਸਰਕਾਰੀ ਕਾਗਜਾਂ ਵਿਚ ਆਪਣੀ ਜਾਤੀ 'ਸੋਢਵੰਸੀ ਖਾਲਸਾ' ਲਿਖਵਾਉਂਦੇ ਹਨ। ਮੌਜੂਦਾ ਸਮੇਂ ਵਿਚ 'ਲੱਛਮੀਪੁਰ' ਪਿੰਡ ਵਿਚ ਇਕ ਸੁੰਦਰ ਇਤਿਹਾਸਕ ਗੁਰਦੁਆਰਾ ਗੁਰੂ ਸਾਹਿਬ ਦੀ ਯਾਦ ਵਿਚ ਸੁਭਾਇਮਾਨ ਹੈ ਜੋ ਸਿੱਖ ਸੰਗਤ ਦੁਆਰਾ ਕੰਤ ਨਗਰ ਨਾਮਕ ਸਥਾਨ ਵਿਚ ਇਕ ਸਦੀ ਪਹਿਲਾਂ ਹੜ੍ਹ ਆਉਣ ਕਾਰਨ ਉਥੋਂ ਗੁਰਦੁਆਰਾ ਸਾਹਿਬ ਦੀ ਮਿੱਟੀ ਲਿਆ ਕੇ ਸਥਾਪਿਤ ਕੀਤਾ ਗਿਆ ਸੀ। Hindustan times (2 ਜਨਵਰੀ, 2019) ਅਨੁਸਾਰ ਇਸ ਇਲਾਕੇ ਵਿਚ ਸਿੱਖਾਂ ਦੀ ਆਬਾਦੀ ਲਗਪਗ 18,000 ਹੈ ਜਿਸ ਕਾਰਨ ਇਸ ਨੂੰ ਬਿਹਾਰ ਦਾ ਮਿੰਨੀ ਪੰਜਾਬ ਵੀ ਕਿਹਾ ਜਾਂਦਾ ਹੈ।

[24] ਪ੍ਰਿੰ. ਸਤਿਬੀਰ ਸਿੰਘ, *ਇਤਿ ਜਿਨਿ ਕਰੀ*, ਪੰਨਾ 119

* ਇਹ ਨਾਮ ਸ੍ਰੀ ਗੁਰੂ ਤੇਗ ਬਹਾਦਰ ਜੀ ਦੁਆਰਾ ਪਟਨਾ ਸਾਹਿਬ ਦੀ ਸੰਗਤ ਦੇ ਨਾਮ ਭੇਜੇ ਗਏ ਹੁਕਮਨਾਮਿਆਂ ਵਿਚ ਦਰਜ ਵੇਰਵਿਆਂ ਅਨੁਸਾਰ ਹੈ। ਸਿੱਖ ਰਵਾਇਤ ਵਿਚ ਪ੍ਰਚਲਿਤ ਨਾਮ (ਗੁਰੂ) ਗੋਬਿੰਦ ਰਾਇ ਜੀ ਹੈ।

ਸਥਾਨ 'ਤੇ ਰਾਜਾ ਰਾਮ ਸਿੰਘ ਅਤੇ ਅਹੋਮ ਕਬੀਲੇ ਦੇ ਰਾਜਾ ਚਕ੍ਰਧਵਜ ਪ੍ਰਣਪਾਲ ਸਿੰਘ ਵਿਚਕਾਰ ਯੁੱਧ ਟਾਲ ਕੇ ਸਾਂਤੀ ਸਮਝੋਤਾ ਕਰਵਾਇਆ। ਇਸ ਸਥਾਨ 'ਤੇ ਗੁਰਦੁਆਰਾ ਦਮਦਮਾ ਸਾਹਿਬ ਮੌਜੂਦ ਹੈ।

ਆਸਾਮ ਤੋਂ ਵਾਪਸੀ ਸਮੇਂ ਪਟਨਾ ਸਾਹਿਬ ਵਿਖੇ ਗੁਰੂ ਜੀ ਆਪਣੇ ਲਗਪਗ ਚਾਰ ਸਾਲ ਦੇ ਪੁੱਤਰ ਬਾਲ (ਗੁਰੂ) ਗੋਬਿੰਦ ਦਾਸ* ਜੀ ਨੂੰ ਪਹਿਲੀ ਵਾਰ ਮਿਲੇ। ਕੁਝ ਸਮਾਂ ਪਟਨਾ ਸਾਹਿਬ ਵਿਚ ਰੁਕ ਕੇ 18 ਮਈ, 1670 ਈ. ਨੂੰ ਗੁਰੂ ਸਾਹਿਬ ਜੀ ਨੇ ਪੰਜਾਬ ਵੱਲ ਚਾਲੇ ਪਾਏ।[25] ਇਸ ਸਮੇਂ ਦੌਰਾਨ ਗੁਰੂ ਸਾਹਿਬ ਜੀ ਦਾ ਪਰਿਵਾਰ ਪਟਨਾ ਸਾਹਿਬ ਵਿਖੇ ਹੀ ਰਿਹਾ ਜਿਸ ਨੂੰ ਗੁਰੂ ਜੀ ਨੇ ਅਨੰਦਪੁਰ ਸਾਹਿਬ ਪਹੁੰਚ ਕੇ 1672 ਈ. ਦੇ ਅਖੀਰ ਵਿਚ ਪਟਨਾ ਸਾਹਿਬ ਤੋਂ ਪੰਜਾਬ ਬੁਲਾਇਆ। ਪਟਨਾ ਸਾਹਿਬ ਤੋਂ ਅਯੁੱਧਿਆ, ਲਖਨਊ, ਸ਼ਾਹਜਹਾਨਪੁਰ, ਬਰੇਲੀ, ਪੀਲੀਭੀਤ, ਨਾਨਕ ਮਤਾ, ਮੁਰਾਦਾਬਾਦ, ਹਰਿਦੁਆਰ, ਬੂੜੀਆ, ਜਗਾਧਰੀ, ਸੁਢੈਲ-ਸੁਢਲ, ਬਨੀ ਬਦਰਪੁਰ, ਲਖਨੌਰ ਸਾਹਿਬ, ਕੀਰਤਪੁਰ ਸਾਹਿਬ ਆਦਿ ਥਾਵਾਂ ਤੋਂ ਹੁੰਦੇ ਹੋਏ ਸ੍ਰੀ ਗੁਰੂ ਤੇਗ ਬਹਾਦਰ ਜੀ ਅਕਤੂਬਰ 1670 ਈ. ਨੂੰ ਅਨੰਦਪੁਰ ਸਾਹਿਬ ਪਹੁੰਚੇ।

ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਪੂਰਬ ਯਾਤਰਾ ਤੋਂ ਅਨੰਦਪੁਰ ਸਾਹਿਬ ਪਹੁੰਚਣ ਸਮੇਂ ਇਹ ਨਗਰ ਸਿੱਖੀ ਦੇ ਪ੍ਰਚਾਰ ਕੇਂਦਰ ਵਜੋਂ ਵੱਡੇ ਪੱਧਰ 'ਤੇ ਵਿਕਸਿਤ ਹੋ ਚੁੱਕਿਆ ਸੀ ਜਿਥੇ ਦੂਰੋਂ-ਨੇੜਿਓਂ ਸੰਗਤਾਂ ਆ ਕੇ ਗੁਰੂ ਸਾਹਿਬ ਜੀ ਦੇ ਦਰਸ਼ਨ ਕਰ ਕੇ ਸਿੱਖੀ ਦੀ ਦਾਤ ਪ੍ਰਾਪਤ ਕਰਦੀਆਂ ਸਨ। ਅਨੰਦਪੁਰ ਸਾਹਿਬ ਵਿਚ ਹੀ ਗੁਰੂ ਜੀ ਨੇ ਅਧਿਆਤਮ ਦੀ ਖੋਜ ਕਰ ਰਹੇ ਭਾਈ ਕਨ੍ਹਈਆ ਨੂੰ ਉਪਦੇਸ਼ ਦੇ ਕੇ ਸਿੱਖੀ ਮਾਰਗ ਦਾ ਪਾਂਧੀ ਬਣਾਇਆ ਅਤੇ ਸੇਵਾ-ਭਾਵਨਾ ਵਾਲੀ

---

[25] ਪ੍ਰਿੰ. ਸਤਿਬੀਰ ਸਿੰਘ, *ਇਤਿ ਜਿਨਿ ਕਰੀ,* ਪੰਨਾ 126

ਸਮ-ਦ੍ਰਿਸ਼ਟੀ ਦੀ ਦਾਤ ਬਖਸ਼ੀ। 29 ਮਾਰਚ, 1672 ਈ. ਵਿਚ ਭਾਈ ਮਨੀ ਸਿੰਘ ਪੱਕੇ ਤੌਰ 'ਤੇ ਸੇਵਾ ਲਈ ਸ੍ਰੀ ਗੁਰੂ ਤੇਗ ਬਹਾਦਰ ਜੀ ਪਾਸ ਅਨੰਦਪੁਰ ਸਾਹਿਬ ਆ ਗਏ।[26] ਇਸ ਤੋਂ ਪਹਿਲਾਂ ਉਹ 13 ਸਾਲ ਦੀ ਉਮਰ ਦੌਰਾਨ 1657 ਈ. ਵਿਚ ਕੀਰਤਪੁਰ ਸਾਹਿਬ ਵਿਖੇ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਅਤੇ 1664 ਈ. ਵਿਚ 20 ਸਾਲ ਦੀ ਉਮਰ ਦੌਰਾਨ ਬਾਬਾ ਬਕਾਲਾ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਦਰਸ਼ਨ ਕਰ ਕੇ ਸਿੱਖੀ ਦੀ ਦਾਤ ਪ੍ਰਾਪਤ ਕਰ ਚੁੱਕੇ ਸਨ।

1672 ਈ. ਦੇ ਅਖੀਰ ਵਿਚ ਗੁਰੂ ਸਾਹਿਬ ਜੀ ਦਾ ਪਰਿਵਾਰ ਵੀ ਪਟਨਾ ਸਾਹਿਬ ਤੋਂ ਅਨੰਦਪੁਰ ਸਾਹਿਬ ਲਈ ਰਵਾਨਾ ਹੋਇਆ ਅਤੇ ਮਾਰਚ, 1673 ਈ. ਵਿਚ ਗੁਰੂ ਜੀ ਪਾਸ ਅਨੰਦਪੁਰ ਸਾਹਿਬ ਪਹੁੰਚ ਗਿਆ। ਇਸ ਸਮੇਂ (ਗੁਰੂ) ਗੋਬਿੰਦ ਦਾਸ ਜੀ ਦੀ ਉਮਰ 8 ਸਾਲ ਦੇ ਲਗਪਗ ਹੋ ਚੁੱਕੀ ਸੀ। ਆਪਣੀ ਰਚਨਾ 'ਬਚਿਤ੍ਰ ਨਾਟਕ' ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਅਨੰਦਪੁਰ ਸਾਹਿਬ ਪਹੁੰਚਣ ਤੋਂ ਬਾਅਦ ਸ੍ਰੀ ਗੁਰੂ ਤੇਗ ਬਹਾਦਰ ਜੀ ਦੁਆਰਾ ਉਨ੍ਹਾਂ ਨੂੰ ਪ੍ਰਦਾਨ ਕੀਤੀ ਗਈ ਵੱਖ-ਵੱਖ ਪ੍ਰਕਾਰ ਦੀ ਵਿਦਿਆ-ਪੜ੍ਹਾਈ, ਸੁਖਾਵੇਂ ਮਾਹੌਲ ਅਤੇ ਦੁਨੀਆਵੀਂ ਸੁੱਖ-ਸੁਵਿਧਾਵਾਂ ਪ੍ਰਦਾਨ ਕਰਨ ਦਾ ਜ਼ਿਕਰ[27] ਕੀਤਾ ਹੈ।

ਅਨੰਦਪੁਰ ਸਾਹਿਬ ਨਿਵਾਸ ਦੌਰਾਨ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਅਕਤੂਬਰ, 1673 ਈ. ਵਿਚ ਮਾਲਵਾ ਅਤੇ ਬਾਂਗਰ (ਮੌਜੂਦਾ ਹਰਿਆਣਾ) ਦੇ ਪ੍ਰਚਾਰ ਦੌਰੇ ਆਰੰਭ ਕੀਤੇ। ਲਗਪਗ ਇਕ ਸਾਲ ਤੱਕ ਗੁਰੂ ਜੀ ਨੇ ਮਾਲਵਾ ਅਤੇ

---

[26] ਪ੍ਰਿੰ. ਸਤਿਬੀਰ ਸਿੰਘ, *ਇਤਿ ਜਿਨਿ ਕਰੀ*, ਪੰਨਾ 134

[27] ਮੱਦ੍ਰ ਦੇਸ ਹਮ ਕੋ ਲੇ ਆਏ ॥ ਭਾਂਤਿ ਭਾਂਤਿ ਦਾਈਅਨ ਦੁਲਰਾਏ ॥ ੨ ॥

ਕੀਨੀ ਅਨਿਕ ਭਾਂਤਿ ਤਨ ਰੱਛਾ ॥ ਦੀਨੀ ਭਾਂਤਿ ਭਾਂਤਿ ਕੀ ਸਿੱਛਾ ॥

-ਸ਼ਬਦਾਰਥ ਸ੍ਰੀ ਦਸਮ ਗ੍ਰੰਥ ਸਾਹਿਬ, ਪੋਥੀ ਪਹਿਲੀ, ਅੰਗ 59

ਬਾਂਗਰ ਦੇ ਅਨੇਕਾਂ ਪਿੰਡਾਂ ਵਿਚ ਆਪਣੇ ਮੁਬਾਰਕ ਚਰਨ ਪਾਏ ਅਤੇ ਲੋਕਾਈ ਨੂੰ ਸੱਚ ਦਾ ਮਾਰਗ ਦ੍ਰਿੜ੍ਹ ਕਰਵਾਇਆ। ਗੁਰੂ ਜੀ ਦੀਆਂ ਪ੍ਰਚਾਰ ਯਾਤਰਾਵਾਂ ਸੰਬੰਧੀ ਇਹ ਗੱਲ ਧਿਆਨ ਦੇਣ ਯੋਗ ਹੈ ਕਿ ਇਹ ਯਾਤਰਾਵਾਂ ਸਿਰਫ ਪ੍ਰਚਾਰ ਤੱਕ ਹੀ ਸੀਮਿਤ ਨਹੀਂ ਸਨ। ਇਨ੍ਹਾਂ ਪ੍ਰਚਾਰ ਯਾਤਰਾਵਾਂ ਦੌਰਾਨ ਜਿੱਥੇ ਗੁਰੂ ਸਾਹਿਬ ਜੀ ਨੇ ਮਨੁੱਖਤਾ ਨੂੰ ਅਧਿਆਤਮ ਨਾਲ ਜੋੜ ਕੇ ਸੱਚ ਦਾ ਮਾਰਗ ਦ੍ਰਿੜ੍ਹ ਕਰਵਾਇਆ, ਉਥੇ ਅਨੇਕਾਂ ਲੋਕ ਭਲਾਈ ਦੇ ਸਮਾਜਿਕ ਕਾਰਜ ਵੀ ਕੀਤੇ। ਅਨੇਕਾਂ ਨਗਰਾਂ ਵਿਚ ਪੀਣ ਵਾਲੇ ਪਾਣੀ ਦੀ ਸਮੱਸਿਆ ਨੂੰ ਦੂਰ ਕਰਨ ਲਈ ਖੂਹ ਲਗਵਾਏ, ਲੋਕਾਂ ਨੂੰ ਬਿਮਾਰੀਆਂ ਤੋਂ ਬਚਾਉਣ ਲਈ ਤੰਬਾਕੂ ਵਰਗੀ ਘਟੀਆ ਵਸਤੂ ਦਾ ਤਿਆਗ ਕਰਵਾਇਆ, ਘੱਟ ਫਸਲਾਂ ਦੀ ਪੈਦਾਵਾਰ ਵਾਲੇ ਪਿੰਡਾਂ ਨੂੰ ਮਿੱਟੀ-ਪਾਣੀ ਅਨੁਸਾਰ ਸਹੀ ਫਸਲਾਂ ਦਾ ਗਿਆਨ ਦੇ ਕੇ ਆਪਣੀ ਬਖਸ਼ਿਸ਼ ਰਾਹੀਂ ਫਸਲਾਂ ਦੀ ਪੈਦਾਵਾਰ ਵਿਚ ਵਾਧਾ ਕੀਤਾ, ਲੋਕਾਂ ਨੂੰ ਚੋਰੀ-ਬੇਈਮਾਨੀ ਵਰਗੇ ਗਲਤ ਕਾਰਜਾਂ ਤੋਂ ਹਟਾਇਆ ਅਤੇ ਜ਼ੁਲਮ-ਅਨਿਆਂ ਵਿਰੁੱਧ ਖੜ੍ਹੇ ਹੋਣ ਦਾ ਜ਼ਜਬਾ ਪੈਦਾ ਕੀਤਾ। ਇਸ ਪ੍ਰਕਾਰ ਸ੍ਰੀ ਗੁਰੂ ਤੇਗ ਬਹਾਦਰ ਜੀ ਧਾਰਮਿਕ ਪੱਖੋਂ ਲੋਕਾਂ ਦਾ ਅੰਦਰੂਨੀ ਪੱਖ ਵੀ ਮਜਬੂਤ ਕਰ ਰਹੇ ਸਨ ਅਤੇ ਸਮਾਜਿਕ-ਆਰਥਿਕ ਪ੍ਰਬੰਧ ਵਿਚ ਵੀ ਇਤਿਹਾਸਕ ਸੁਧਾਰ ਕਰ ਰਹੇ ਸਨ। ਆਪਣੇ ਉਪਦੇਸ਼ ਅਤੇ ਕਾਰਜਾਂ ਰਾਹੀਂ ਉਹ ਲੋਕਪ੍ਰਿਯ ਜਨ-ਨਾਇਕ ਵਜੋਂ ਉੱਭਰ ਕੇ ਸਾਹਮਣੇ ਆਏ।

ਇਸ ਦੌਰਾਨ ਜਿਥੇ ਸ੍ਰੀ ਗੁਰੂ ਤੇਗ ਬਹਾਦਰ ਜੀ ਆਪਣੇ ਉਪਦੇਸ਼ਾਂ ਅਤੇ ਲੋਕ ਭਲਾਈ ਦੇ ਕਾਰਜਾਂ ਰਾਹੀਂ ਮਾਨਵਤਾ ਦੇ ਮਸੀਹਾ ਵਜੋਂ ਸਥਾਪਿਤ ਹੋ ਚੁੱਕੇ ਸਨ ਉਥੇ ਮੁਗ਼ਲ ਹਕੂਮਤ ਦੀਆਂ ਲੋਕ-ਵਿਰੋਧੀ ਜ਼ੁਲਮੀ ਨੀਤੀਆਂ ਕਾਰਨ ਦੇਸ਼ ਵਿਚ ਹਾਹਾਕਾਰ ਮੱਚੀ ਹੋਈ ਸੀ। ਮੌਜੂਦਾ ਸਮੇਂ ਦੇ ਅਨੇਕਾਂ ਤਥਾ-ਕਥਿਤ ਇਤਿਹਾਸਕਾਰਾਂ ਅਤੇ ਆਪੂੰ ਬਣੇ ਵਿਦਵਾਨਾਂ ਦਾ, ਉਸ ਸਮੇਂ ਦੇ ਮੁਗਲ ਸ਼ਾਸਕ ਔਰੰਗਜ਼ੇਬ ਨੂੰ ਨਿਆਂਕਾਰੀ ਅਤੇ ਯੋਗ ਸਾਸ਼ਕ ਸਾਬਤ ਕਰਨ ’ਤੇ ਜ਼ੋਰ ਲੱਗਿਆ

ਹੋਇਆ ਹੈ ਪਰੰਤੂ ਇਤਿਹਾਸ ਵਿਚ ਅਜਿਹੇ ਅਨੇਕਾਂ ਹਵਾਲੇ ਦਰਜ ਹਨ ਜੋ ਔਰੰਗਜ਼ੇਬ ਨੂੰ ਗੈਰ-ਇਸਲਾਮ ਵਿਰੋਧੀ ਅਤੇ ਨਿਰਦਈ-ਜ਼ੁਲਮੀ ਸ਼ਾਸਕ ਸਿੱਧ ਕਰਦੇ ਹਨ।

ਔਰੰਗਜ਼ੇਬ ਇਕ ਕੱਟੜ ਮੁਸਲਮਾਨ ਸੀ ਜੋ ਦਾਰ-ਉਲ-ਇਸਲਾਮ ਦੀ ਨੀਤੀ ਤਹਿਤ ਸਮੁੱਚੇ ਦੇਸ਼ ਨੂੰ ਮੁਸਲਮਾਨ ਬਣਾਉਣਾ ਚਾਹੁੰਦਾ ਸੀ। ਆਪਣੇ 'ਦਾਰ-ਉਲ-ਇਸਲਾਮ' ਦੇ ਸੁਪਨੇ ਨੂੰ ਪੂਰਾ ਕਰਨ ਕਈ ਉਸ ਨੇ ਗੈਰ-ਮੁਸਲਮਾਨਾਂ 'ਤੇ ਅਨੇਕਾਂ ਸਖ਼ਤਾਈ ਵਾਲੇ ਹੁਕਮ[28] ਲਾਗੂ ਕੀਤੇ ਤਾਂ ਜੋ ਉਹ ਇਸਲਾਮ ਧਾਰਨ ਕਰ ਲੈਣ।

'ਮਆਸਿਰੀ-ਏ-ਆਲਮਗੀਰੀ' ਅਨੁਸਾਰ[29] ਔਰੰਗਜ਼ੇਬ ਨੇ ਸੂਬਿਆਂ ਦੇ ਨਾਜ਼ਿਮਾਂ ਨੂੰ ਇਹ ਹੁਕਮ ਭੇਜਿਆ ਕਿ ਉਹ ਕਾਫ਼ਿਰਾਂ ਦੇ ਸਕੂਲਾਂ ਅਤੇ ਮੰਦਿਰਾਂ ਨੂੰ ਢਾਹ ਦੇਣ ਅਤੇ ਉਨ੍ਹਾਂ ਦੀਆਂ ਵਿਦਿਅਕ ਅਤੇ ਧਾਰਮਿਕ ਸਰਗਰਮੀਆਂ ਬੰਦ ਕਰ ਦੇਣ। ਇਸ ਹੁਕਮ ਅਨੁਸਾਰ ਗੁਜਰਾਤ ਦਾ ਸੋਮਨਾਥ ਮੰਦਿਰ, ਬਨਾਰਸ ਦਾ ਕਾਸ਼ੀ ਵਿਸਵਨਾਥ ਮੰਦਿਰ ਅਤੇ ਮਥੁਰਾ ਦਾ ਕੇਸ਼ਵ ਰਾਏ ਮੰਦਰ ਨਸ਼ਟ ਕਰ ਦਿੱਤੇ ਗਏ।[30] ਮੰਦਿਰਾਂ ਵਿਚੋਂ ਉਖਾੜ ਕੇ ਲਿਆਂਦੇ ਗਏ ਬੁੱਤਾਂ ਦੇ ਟੁਕੜੇ ਆਗਰੇ ਦੀ ਮਸਜਿਦ ਦੀਆਂ ਪੌੜੀਆਂ ਥੱਲੇ ਦੱਬੇ ਗਏ ਤਾਂ ਕਿ ਮਸਜਿਦ ਵਿਚ ਆਉਣ-ਜਾਣ ਵਾਲੇ ਮੁਸਲਮਾਨ ਇਨ੍ਹਾਂ ਧਾਰਮਿਕ ਮੂਰਤੀਆਂ ਨੂੰ ਲਤਾੜ ਕੇ ਇਨ੍ਹਾਂ ਦੀ ਬੇਅਦਬੀ ਕਰ ਸਕਣ।[31] ਹਿੰਦੂ ਧਰਮ ਦੀ ਪਵਿੱਤਰ ਨਗਰੀ ਮਥੁਰਾ ਦਾ ਨਾਮ

---

[28] ਹੋਰ ਵਿਸਥਾਰ ਲਈ ਵੇਖੋ ਪ੍ਰਿ. ਸਤਿਬੀਰ ਸਿੰਘ ਕ੍ਰਿਤ *'ਇਤਿ ਜਿਨਿ ਕਰੀ'*, ਪੰਨੇ 147-151

[29] *MAÂSIR-I-ÂLAMGIRI,* Sir Jadunath Sarkar (Translater), P. 51-52, Royal Asiatic Society of Bengal, 1947 AD.

[30] Ishwari Prasad, *A Short History of Muslim Rule in India,* P. 687, The Indian Press Limited, Allahabad, 1931 AD.

[31] Stanley Lane-Poole*, Rulers of India: Aurangzib*, P. 136, Printed at the Clarendon Press, Oxford University, 1893 AD.

ਬਦਲ ਕੇ ਇਸਲਾਮਾਬਾਦ ਕਰ ਦਿੱਤਾ ਗਿਆ।[32] ਅਕਬਰ ਦੁਆਰਾ 1564 ਈ. ਵਿਚ ਬੰਦ ਕੀਤਾ ਜਜ਼ੀਆ ਟੈਕਸ ਉਸ ਨੇ 1679 ਈ. ਵਿਚ ਮੁੜ ਲਾਗੂ ਕਰ ਦਿੱਤਾ।[33] ਔਰੰਗਜ਼ੇਬ ਨੇ ਆਪਣੀ ਕਟੱੜ ਨੀਤੀ ਤਹਿਤ ਇਫ਼ਤਖ਼ਾਰ ਖਾਨ[34] ਨੂੰ ਕਸ਼ਮੀਰ ਦਾ ਗਵਰਨਰ ਬਣਾਇਆ ਜਿਸ ਨੇ ਕਸ਼ਮੀਰੀ ਪੰਡਿਤਾਂ ਨੂੰ ਇਸਲਾਮ ਵਿਚ ਲਿਆਉਣ ਜਾਂ ਕਤਲ ਕਰਨ ਦਾ ਆਦੇਸ਼ ਜਾਰੀ ਕੀਤਾ। ਅਜਿਹੇ ਜ਼ੁਲਮੀ-ਦਮਨਕਾਰੀ ਮਾਹੌਲ ਅਤੇ ਹਕੂਮਤ ਦੀਆਂ ਗੈਰ-ਇਸਲਾਮੀ ਵਿਰੋਧੀ ਨੀਤੀਆਂ ਕਾਰਨ ਹਿੰਦੂਆਂ ਵਿਚ ਰੋਸ ਅਤੇ ਡਰ ਦਾ ਮਾਹੌਲ ਸੀ ਪਰੰਤੂ ਉਹ ਜ਼ਿਆਦਾ ਕੁਝ ਕਰਨ ਤੋਂ ਬੇਬਸ ਅਤੇ ਅਸਮਰੱਥ ਸਨ।

ਇਨ੍ਹਾਂ ਪ੍ਰਚਾਰ ਦੌਰਿਆਂ ਤੋਂ ਕੁਝ ਮਹੀਨਿਆਂ ਬਾਅਦ ਇਤਿਹਾਸ ਦੀ ਇਕ ਅਹਿਮ ਘਟਨਾ ਵਾਪਰੀ ਜਿਸ ਨੇ ਇਤਿਹਾਸ ਦੇ ਪੰਨਿਆਂ ਵਿਚ ਇਕ ਨਿਵੇਕਲਾ ਅਧਿਆਇ ਦਰਜ ਕੀਤਾ। ਇਤਿਹਾਸ ਦੇ ਇਸ ਪੰਨੇ ਨੂੰ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਅਧਿਆਇ ਦੀ ਸ਼ੁਰੂਆਤ ਵੀ ਕਿਹਾ ਜਾ ਸਕਦਾ ਹੈ।

ਭੱਟ ਵਹੀ ਮੁਲਤਾਨੀ ਸਿੰਧੀ ਅਨੁਸਾਰ[35] ਜੇਠ ਸੁਦੀ 11, ਸੰਮਤ 1732 ਬਿਕਰਮੀ (25 ਮਈ, 1675 ਈ.) ਨੂੰ 16 ਕਸ਼ਮੀਰੀ ਬ੍ਰਾਹਮਣਾਂ ਦਾ ਵਫ਼ਦ,

---

[32] Ishwari Parshad, *A Short History of Muslim Rule in India,* P. 687

[33] En.m.wikipedia.org/wiki/jizya

[34] ਭਾਈ ਸੰਤੋਖ ਸਿੰਘ ਨੇ ਇਸ ਦਾ ਨਾਂ ਸ਼ੇਰ ਅਫਗਾਨ ਖਾਂ ਲਿਖਿਆ ਹੈ (ਰਾਸ 12, ਅੰਸੂ 27) ਜੋ ਕਿ ਇਤਿਹਾਸਕਾਰਾਂ ਅਨੁਸਾਰ ਇਸ ਨੂੰ ਔਰੰਗਜ਼ੇਬ ਦੁਆਰਾ ਦਿੱਤੀ ਗਈ ਉਪਾਧੀ ਦਾ ਨਾਮ ਹੈ।

[35] ਕ੍ਰਿਪਾ ਰਾਮ ਬੇਟਾ ਅੜੂ ਰਾਮ ਕਾ ਪੋਤਾ ਨਰੈਣ ਦਾਸ ਕਾ ਪੜਪੋਤਾ ਬ੍ਰਹਮ ਦਾਸ ਕਾ ਬੰਸ ਠਾਕਰ ਦਾਸ ਕੀ ਦੱਤ ਗੋਤਰਾ ਮੁਝਾਲ ਬ੍ਰਾਹਮਣ ਬਾਸੀ ਮਟਨ ਦੇਸ਼ ਕਸ਼ਮੀਰ ਸੰਬਤ ਸਤਰਾਂ ਸੈ ਬਤੀਸ ਜੇਠ ਮਾਸੇ ਸੁਦੀ ਇਕਾਦਸੀ ਕੇ ਦਿਹੁ ਖੋੜਸ ਮੁਖੀ ਕਸ਼ਮੀਰੀ ਬ੍ਰਾਹਮਨੋਂ ਕੋ ਗੈਲ ਲੈ ਗਰਾਮ ਚੱਕ ਨਾਨਕੀ ਪ੍ਰਗਨਾ ਕਹਿਲੂਰ ਗੁਰੂ ਤੇਗ ਬਹਾਦਰ ਜੀ ਮਹਲ ਨਾਮਾ ਕੇ ਦਰਬਾਰ ਆਇ ਫ਼ਰਿਆਦੀ ਹੂਆ। ਗੁਰੂ ਜੀ ਇਸੇ ਧੀਰਜ ਦਈ, ਬਚਨ ਹੋਆ ਤੁਸਾਂ ਦੀ ਰਕਸ਼ਾ ਬਾਬਾ ਨਾਨਕ ਜੀ ਕਰੇਗਾ। -*ਭੱਟ ਵਹੀ ਮੁਲਤਾਨੀ ਸਿੰਧੀ, ਖਾਤਾ ਬਲਉਤੋਂ ਕਾ।*

ਮਟਨ ਨਿਵਾਸੀ ਪੰਡਿਤ ਕਿਰਪਾ ਰਾਮ ਦੱਤ[36] ਦੀ ਅਗਵਾਈ ਵਿਚ ਆਪਣੀ ਫ਼ਰਿਆਦ ਲੈ ਕੇ ਸ੍ਰੀ ਗੁਰੂ ਤੇਗ ਬਹਾਦਰ ਜੀ ਕੋਲ ਚੱਕ ਮਾਤਾ ਨਾਨਕੀ (ਸ੍ਰੀ ਅਨੰਦਪੁਰ ਸਾਹਿਬ) ਵਿਖੇ ਆਇਆ। ਇਹ ਦੁਖੀ ਕਸ਼ਮੀਰੀ ਬ੍ਰਾਹਮਣ ਹਿੰਦੂ ਧਰਮ ਦੀ ਰੱਖਿਆ ਦੀ ਫ਼ਰਿਆਦ ਲੈ ਕੇ ਗੁਰੂ ਸਾਹਿਬ ਜੀ ਕੋਲ ਆਏ ਸਨ ਕਿਉਂਕਿ ਔਰੰਗਜ਼ੇਬ ਨੇ ਇਨ੍ਹਾਂ ਕਸ਼ਮੀਰੀ ਬ੍ਰਾਹਮਣਾਂ ਨੂੰ ਮੌਤ ਜਾਂ ਇਸਲਾਮ ਵਿਚੋਂ ਇਕ ਰਾਹ ਚੁਣਨ ਲਈ ਕਿਹਾ ਸੀ। ਗੁਰੂ ਜੀ ਨੇ ਇਨ੍ਹਾਂ ਬ੍ਰਾਹਮਣਾਂ ਨੂੰ ਧੀਰਜ ਪ੍ਰਦਾਨ ਕਰਦੇ ਕਿਹਾ ਕਿ ਉਹ ਔਰੰਗਜ਼ੇਬ ਤੱਕ ਸੁਨੇਹਾ ਪਹੁੰਚਾ ਦੇਣ ਕਿ ਸ੍ਰੀ ਗੁਰੂ ਤੇਗ ਬਹਾਦਰ ਉਨ੍ਹਾਂ ਦੇ ਆਗੂ ਹਨ। ਜੋ ਫੈਸਲਾ ਗੁਰੂ ਸਾਹਿਬ ਜੀ ਦਾ ਹੋਵੇਗਾ, ਉਹੀ ਸਾਰੇ ਬ੍ਰਾਹਮਣਾਂ ਦਾ ਹੋਵੇਗਾ। ਇਸ ਲਈ ਉਨ੍ਹਾਂ ਬ੍ਰਾਹਮਣਾਂ ਨੂੰ ਫਜ਼ੂਲ ਤੰਗ ਨਾ ਕੀਤਾ ਜਾਵੇ। ਇਸ ਪ੍ਰਕਾਰ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਦਰ 'ਤੇ ਆਏ ਮਜ਼ਲੂਮਾਂ ਦੇ ਧਰਮ ਅਤੇ ਵਿਸ਼ਵਾਸ਼ ਦੀ ਰਾਖੀ ਲਈ ਔਰੰਗਜ਼ੇਬ ਦੀ ਮੁਗਲ ਹਕੂਮਤ ਨੂੰ ਸਿੱਧਾ-ਸਪੱਸ਼ਟ ਚੈਲੰਜ ਕਰਦੇ ਹੋਏ, ਲਾਸਾਨੀ ਹਿੰਮਤ ਅਤੇ ਨਿਡਰਤਾ ਦੀ ਪ੍ਰਤੱਖ ਮਿਸਾਲ ਕਾਇਮ ਕੀਤੀ।

ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਇਹ ਐਲਾਨ 'ਬਾਬੇ ਕੇ' ਅਤੇ 'ਬਾਬਰ ਕੇ' ਵਿਚਕਾਰ ਇਕ ਸਪੱਸ਼ਟ ਟੱਕਰ ਦਾ ਐਲਾਨ ਸੀ। ਇਹ ਟੱਕਰ 'ਲੋਕ-ਵਿਰੋਧੀ ਜ਼ੁਲਮੀ ਰਾਜ' ਅਤੇ 'ਹਲੇਮੀ ਰਾਜ' ਦੀ ਟੱਕਰ ਸੀ ਜਿਸ ਦਾ ਆਰੰਭ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਹੀ ਗਿਆ ਸੀ। ਨਾ ਹੀ ਸ੍ਰੀ ਗੁਰੂ ਤੇਗ ਬਹਾਦਰ ਜੀ ਤਿਲਕ-ਜਨੇਊ ਧਾਰਨ ਕਰਦੇ ਸਨ ਅਤੇ ਨਾ ਹੀ ਇਸ ਵਿਚ ਉਨ੍ਹਾਂ ਦਾ ਵਿਸ਼ਵਾਸ਼

---

[36] ਕ੍ਰਿਪਾ ਰਾਮ ਬਾਅਦ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਅਧਿਆਪਕ ਵੀ ਰਿਹਾ ਤੇ ਮੋਹਰੀ ਸਿੱਖਾਂ ਵਿਚ ਹੋ ਕੇ ਮਹੱਤਵਪੂਰਣ ਯੋਗਦਾਨ ਦਿੰਦਾ ਰਿਹਾ। ਇਹੋ ਕ੍ਰਿਪਾ ਰਾਮ ਅੰਮ੍ਰਿਤ ਛਕ ਕੇ ਕ੍ਰਿਪਾ ਸਿੰਘ ਬਣਿਆ ਤੇ ਚਮਕੌਰ ਦੇ ਯੁੱਧ ਵਿਚ ਸ਼ਹੀਦੀ ਪ੍ਰਾਪਤ ਕੀਤੀ। (*ਗੁਰੂ ਤੇਗ ਬਹਾਦਰ: ਜੀਵਨ, ਸੰਦੇਸ਼ ਤੇ ਸ਼ਹਾਦਤ*, ਤਾਰਨ ਸਿੰਘ (ਸੰਪਾ.), ਪੰਨਾ 201, ਪਿਆਰਾ ਸਿੰਘ ਪਦਮ ਦੇ ਲੇਖ ਵਿਚੋਂ)

ਸੀ ਪਰੰਤੂ ਫਿਰ ਵੀ ਧਾਰਮਿਕ ਅਨਿਆਂ ਦੇ ਖਿਲਾਫ਼ ਅਤੇ ਧਰਮ ਦੀ ਆਜ਼ਾਦੀ ਲਈ ਉਹ ਕਸ਼ਮੀਰੀ ਬ੍ਰਾਹਮਣਾਂ ਦਾ ਤਿਲਕ-ਜਨੇਊ ਬਚਾਉਣ ਲਈ ਮੁਗ਼ਲ ਹਕੂਮਤ ਸਾਹਮਣੇ ਡੱਟ ਗਏ। ਅਸਲ ਗੱਲ ਤਿਲਕ-ਜਨੇਊ ਦੀ ਨਹੀਂ ਸਗੋਂ ਧਾਰਮਿਕ ਜ਼ੋਰ-ਜਬਰਦਸਤੀ ਦਾ ਵਿਰੋਧ ਕਰਨ ਦੀ ਸੀ। ਇਸ ਲਈ ਪਹਿਲੀ ਜੋਤਿ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਧੱਕੇ ਨਾਲ ਜਨੇਊ ਪਾਉਣ ਨਹੀਂ ਦਿੱਤਾ ਅਤੇ ਨੌਂਵੀਂ ਜੋਤਿ ਵਿਚ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਧੱਕੇ ਨਾਲ ਜਨੇਊ ਲਾਹੁਣ ਨਹੀਂ ਦਿੱਤਾ ਅਤੇ ਇਸ ਨੂੰ ਬਚਾਉਣ ਲਈ ਸ੍ਰੀ ਅਨੰਦਪੁਰ ਸਾਹਿਬ ਤੋਂ ਦਿੱਲੀ ਵੱਲ ਚੱਲ ਪਏ।

ਦਿੱਲੀ ਜਾਣ ਸਮੇਂ ਇਹ ਗੱਲ ਸਪੱਸ਼ਟ ਸੀ ਕਿ ਗੁਰੂ ਸਾਹਿਬ ਜੀ 'ਧਰਮ ਹੇਤਿ' ਕਲਯੁੱਗ ਦਾ ਵੱਡਾ ਸਾਕਾ ਵਰਤਾਉਣ ਲਈ ਦਿੱਲੀ ਜਾ ਰਹੇ ਹਨ। ਦਿੱਲੀ ਜਾਣ ਤੋਂ ਪਹਿਲਾਂ ਸਾਵਣ ਪ੍ਰਵਿਸ਼ਟੇ 8, ਸੰਮਤ 1732 ਬਿਕਰਮੀ (8 ਜੁਲਾਈ, 1675 ਈ.) ਨੂੰ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਆਪਣੇ ਸਪੁੱਤਰ (ਗੁਰੂ) ਗੋਬਿੰਦ ਦਾਸ ਜੀ (ਸ੍ਰੀ ਗੁਰੂ ਗੋਬਿੰਦ ਸਿੰਘ) ਨੂੰ ਗੁਰਗੱਦੀ ਦੀ ਬਖਸ਼ਿਸ਼ ਕੀਤੀ।[37] ਗੁਰੂ ਸਾਹਿਬ ਜੀ ਨੇ ਸੰਗਤਾਂ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਆਗਿਆ ਵਿਚ ਰਹਿਣ ਲਈ ਕਿਹਾ ਅਤੇ ਸਾਰੇ ਕੁਟੰਬ ਨੂੰ ਨਿਰਮੋਹ ਕਰਨ ਲਈ ਉਪਦੇਸ਼ ਦਿੱਤਾ ਕਿ

---

[37] ਸੰਮਤ ਸਤਰਾਂ ਸੈ ਬਤੀਸ ਸਾਵਨ ਪ੍ਰਵਿਸ਼ਟੇ ਅੱਠੇ ਕੇ ਦਿਹੁੰ ਗੁਰੂ ਜੀ ਕਾ ਦਰਬਾਰ ਹੋਆ, ਦੀਵਾਨ ਦਰਘਾ ਮੱਲ ਸੋਂ ਬਚਨ ਕੀਆ, ਤਿਆਰੀ ਕਰੀਏ। ਹਮੇਂ ਗੋਬਿੰਦ ਦਾਸ ਕੋ ਗੁਰਿਆਈ ਦੇਨੀ ਹੈ, ਦੀਵਾਨ ਜੀ! ਤੁਸੀਂ ਗੁਰਿਆਈ ਕੀ ਸਮੱਗਰੀ ਲੈ ਆਈਏ। ਸਤਿਗੁਰਾਂ ਸਾਹਿਬਜ਼ਾਦੇ ਕੋ ਸ਼ਸਤਰ ਬਸਤਰ ਸਜਾਇ ਆਪਨੇ ਆਸਨ ਤੇ ਲਿਆਇ ਬੈਠਾਇਆ । ਦੀਵਾਨ ਦਰਘਾ ਮੱਲ ਨੇ ਗੁਰਿਆਈ ਕੀ ਸਮੱਗਰੀ ਲਿਆਇ ਸਾਹਿਬਜ਼ਾਦੇ ਕੇ ਆਗੇ ਰਾਖ ਕੇ ਮੱਥਾ ਟੇਕਾ। ਬਾਬੇ ਬੁਢੇ ਕੇ ਸ੍ਰੀ ਰਾਮ ਕੁਇਰ ਨੇ ਨੰਨ੍ਹੀ ਅਵਸਥਾ ਮੇਂ ਸ੍ਰੀ ਗੋਬਿੰਦ ਦਾਸ ਜੀ ਕੇ ਭਾਲ ਮੇਂ ਚੰਦਨ ਕਾ ਟੀਕਾ ਕੀਆ । ਬਚਨ ਹੋਆ, 'ਭਾਈ ਸਿੱਖੋ! ਆਗੇ ਸੇ ਅਸਾਂ ਕੀ ਥਾਂਇ ਸ੍ਰੀ ਗੋਬਿੰਦ ਦਾਸ ਜੀ ਕੋ ਗੁਰੂ ਜਾਨਨਾਂ, ਜੋ ਜਾਨੈਗਾ ਤਿਸ ਕੀ ਘਾਲ ਥਾਂਇ ਪਏਗੀ।' -*ਗੁਰੂ ਕੀਆਂ ਸਾਖੀਆਂ*, ਪੰਨਾ 79

ਸੰਸਾਰ ਵਿਚ ਸਰੀਰਾਂ ਦਾ ਸੰਬੰਧ ਇਸ ਤਰ੍ਹਾਂ ਦਾ ਹੁੰਦਾ ਹੈ, ਜਿਵੇਂ ਨਦੀ ਦੇ ਪ੍ਰਵਾਹ ਨਾਲ ਤਿਣਕੇ ਦਾ ਅਤੇ ਰੁੱਖ ਨਾਲ ਪੰਛੀ ਦਾ ਸੰਬੰਧ।

ਸਾਵਣ ਪਰਵਿਸ਼ਟੇ 11, ਸੰਮਤ 1732 ਬਿਕਰਮੀ (11 ਜੁਲਾਈ, 1675 ਈ.) ਨੂੰ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਅਤੇ ਭਾਈ ਦਿਆਲਾ ਜੀ, ਭਾਈ ਗੁਰਦਿੱਤਾ ਜੀ ਅਤੇ ਭਾਈ ਊਦਾ ਜੀ ਨਾਮਕ ਪੰਜ ਸਿੱਖਾਂ ਨਾਲ ਅਨੰਦਪੁਰ ਸਾਹਿਬ ਤੋਂ ਦਿੱਲੀ ਵੱਲ ਪ੍ਰਸਥਾਨ ਕੀਤਾ।

ਭੱਟ ਵਹੀ ਮੁਲਤਾਨੀ ਸਿੰਧੀ ਅਨੁਸਾਰ[38] ਸਾਵਣ ਪਰਵਿਸ਼ਟੇ 12, ਸੰਮਤ 1732 ਬਿਕਰਮੀ (12 ਜੁਲਾਈ, 1675 ਈ.) ਨੂੰ ਭਾਵ ਅਨੰਦਪੁਰ ਸਾਹਿਬ ਦੀ ਰਵਾਨਗੀ ਤੋਂ ਅਗਲੇ ਦਿਨ ਗੁਰੂ ਸਾਹਿਬ ਜੀ ਅਤੇ ਉਨ੍ਹਾਂ ਦੇ ਨਾਲ ਤਿੰਨ ਸਿੱਖਾਂ ਨੂੰ ਰੋਪੜ ਦੇ ਲਾਗਿਓਂ ਮਲਕਪੁਰ ਰੰਘੜਾਂ ਨਾਮਕ ਪਿੰਡ ਤੋਂ ਮਿਰਜ਼ਾ ਨੂਰ ਮੁਹੰਮਦ ਖਾਂ ਨੇ ਗ੍ਰਿਫ਼ਤਾਰ ਕਰ ਲਿਆ ਜਿਸ ਤੋਂ ਬਾਅਦ ਉਨ੍ਹਾਂ ਨੂੰ ਚਾਰ ਮਹੀਨੇ ਬੱਸੀ ਪਠਾਣਾਂ ਅਤੇ ਅੱਠ ਦਿਨ ਦਿੱਲੀ ਵਿਚ ਕੈਦ ਰੱਖਿਆ ਗਿਆ। ਗੁਰੂ ਕੀਆਂ ਸਾਖੀਆਂ[39] ਅਤੇ ਕੇਸਰ ਸਿੰਘ ਛਿੱਬਰ ਰਚਿਤ ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ[40] ਵਿਚ ਵੀ ਇਸ ਗ੍ਰਿਫ਼ਤਾਰੀ ਦਾ ਵੇਰਵਾ ਪ੍ਰਾਪਤ ਹੁੰਦਾ ਜਿਸ ਦੇ

---

[38] ਗੁਰੂ ਤੇਗ ਬਹਾਦਰ ਜੀ ਮਹਿਲ ਨਾਮਾ......ਕੋ ਨੂਰ ਮੁਹੰਮਦ ਖਾਂ ਮਿਰਜਾ ਚਉਕੀ ਰੋਪੜ ਵਾਲੇ ਨੇ ਸਾਲ ਸਤਰਾ ਸੈ ਬੱਤੀਸ ਸਾਵਣ ਪਰਵਿਸ਼ਟੇ ਬਾਰਾਂ ਕੇ ਦਿਹੁ ਗਾਉਂ ਮਲਕਪੁਰ ਰੰਘੜਾ ਪ੍ਰਗਨਾ ਘਨੋਲਾ ਸੇ ਪਕੜ ਕੇ ਸਰਹੰਦ ਪੁੰਚਾਇਆ। ਗੈਲੋ ਦੀਵਾਨ ਮਤੀ ਦਾਸ, ਸਤੀ ਦਾਸ ਬੇਟਾ ਹੀਰਾ ਮਲ ਛਿਬਰ ਕੇ, ਗੈਲ ਦਿਆਲ ਦਾਸ ਬੇਟਾ ਮਾਈ ਦਾਸ ਬਲਉਂਡ ਦਾ ਪਕੜਿਆ ਆਇਆ। ਗੁਰੂ ਜੀ ਚਾਰ ਮਾਸ ਬੱਸੀ ਪਠਾਨਾਂ ਕੇ ਬੰਦੀਖਾਨੇ ਬੰਦ ਰਹੇ, ਆਠ ਦਿਵਸ ਦਿੱਲੀ ਕੋਤਵਾਲੀ ਮੇਂ ਬੰਦ ਰਾਖੇ। -ਭੱਟ ਵਹੀ ਮੁਲਤਾਨੀ ਸਿੰਧੀ, ਖਾਤਾ ਬਲਉਤੋਂ ਕਾ ਉਧਰਿਤ *ਨਾਨਕ ਪ੍ਰਕਾਸ਼ ਪਤ੍ਰਿਕਾ,* ਜੂਨ-ਦਸੰਬਰ 1975, ਪੰਨਾ 86

[39] *ਗੁਰੂ ਕੀਆਂ ਸਾਖੀਆਂ*, ਪੰਨੇ 80-81

[40] *ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ*, ਰਤਨ ਸਿੰਘ ਜੱਗੀ, ਡਾ. (ਸੰਪਾ.), ਪੰਨਾ 116

ਆਧਾਰ ਤੇ ਸਾਡੇ ਕਈ ਇਤਿਹਾਸਕਾਰ ਇਸ ਨੂੰ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਤੋਂ ਪਹਿਲਾਂ ਵਾਲੀ ਗ੍ਰਿਫ਼ਤਾਰੀ ਮੰਨਦੇ ਹਨ। ਇਨ੍ਹਾਂ ਇਤਿਹਾਸਕਾਰਾਂ ਅਨੁਸਾਰ ਇਸ ਗ੍ਰਿਫ਼ਤਾਰੀ ਤੋਂ ਬਾਅਦ ਗੁਰੂ ਸਾਹਿਬ ਜੀ ਨੂੰ ਬੱਸੀ ਪਠਾਣਾਂ ਵਿਚ ਚਾਰ ਮਹੀਨੇ ਦੀ ਕੈਦ ਤੋਂ ਬਾਅਦ ਦਿੱਲੀ ਲਿਜਾ ਕੇ ਸ਼ਹੀਦ ਕਰ ਦਿੱਤਾ ਗਿਆ ਪਰੰਤੂ ਇਹ ਵੇਰਵੇ ਸਾਡੀ ਪਰੰਪਰਾ ਅਤੇ ਸਾਡੇ ਸ੍ਰੋਤ ਗ੍ਰੰਥਾਂ ਨਾਲ ਮੇਲ ਨਹੀਂ ਖਾਂਦੇ। ਸਿੱਖ ਰਵਾਇਤ ਅਨੁਸਾਰ ਸ਼ਹੀਦੀ ਤੋਂ ਪਹਿਲਾਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਪੰਜਾਬ ਅਤੇ ਹਰਿਆਣਾ ਦੇ ਅਨੇਕਾਂ ਸਥਾਨਾਂ ’ਤੇ ਮੁਬਾਰਕ ਚਰਨ ਪਾਉਣ ਦੇ ਵੇਰਵੇ ਪ੍ਰਾਪਤ ਹੁੰਦੇ ਹਨ ਅਤੇ ਅਨੇਕਾਂ ਅਸਥਾਨਾਂ ਦੀਆਂ ਸਥਾਨਕ ਪਰੰਪਰਾਵਾਂ, ਗੁਰੂ ਸਾਹਿਬ ਜੀ ਦੇ ਸ਼ਹੀਦੀ ਤੋਂ ਪਹਿਲਾਂ ਕੀਤੇ ਗਏ ਦੌਰੇ ਨਾਲ ਸੰਬੰਧਿਤ ਹਨ। ਸਿੱਖ ਪਰੰਪਰਾ ਵਿਚ ਗੁਰੂ ਸਾਹਿਬ ਜੀ ਦੀ ਸ਼ਹੀਦੀ ਤੋਂ ਪਹਿਲਾਂ ਆਗਰਾ ਤੋਂ ਹੋਣ ਵਾਲੀ ਗ੍ਰਿਫ਼ਤਾਰੀ ਸੰਬੰਧੀ ਇਕ ਤਕੜੀ ਰਵਾਇਤ ਮੌਜੂਦ ਹੈ ਅਤੇ ਗ੍ਰਿਫ਼ਤਾਰੀ ਵਾਲੇ ਸਥਾਨ ’ਤੇ ਗੁਰ ਅਸਥਾਨ ਵੀ ਸੁਭਾਇਮਾਨ ਹੈ। ਭਾਈ ਸੰਤੋਖ ਸਿੰਘ[41] ਅਤੇ ਗਿਆਨੀ ਗਿਆਨ ਸਿੰਘ[42] ਅਨੁਸਾਰ ਗੁਰੂ ਸਾਹਿਬ ਜੀ ਨੂੰ ਸ਼ਹੀਦੀ ਤੋਂ ਪਹਿਲਾਂ ਆਗਰੇ ਤੋਂ ਗ੍ਰਿਫ਼ਤਾਰ ਕੀਤਾ ਗਿਆ ਜਿੱਥੇ ਗੁਰੂ ਸਾਹਿਬ ਜੀ ਨੇ ਆਪਣੇ ਆਪ ਨੂੰ ਅਨੋਖੇ ਢੰਗ[43] ਨਾਲ ਪ੍ਰਗਟ ਕੀਤਾ। ਇਸ ਲਈ ਅਸੀਂ ਸਿੱਖ ਸ੍ਰੋਤ ਗ੍ਰੰਥਾਂ ਦੇ ਆਧਾਰ ’ਤੇ ਬਣੇ ਹੋਏ ਆਗਰੇ ਦੀ ਗ੍ਰਿਫ਼ਤਾਰੀ ਵਾਲੇ ਵਿਚਾਰ ਨੂੰ ਵੀ ਐਨੇ ਸੌਖੇ ਤਰੀਕੇ

---

[41] *ਸ੍ਰੀ ਗੁਰ ਪ੍ਰਤਾਪ ਗ੍ਰੰਥ* , ਜਿਲਦ ਗਿਆਰਵੀਂ, ਰਾਸਿ 12, ਅੰਸੂ 37, ਪੰਨੇ 4369-4372

[42] *ਤਵਾਰੀਖ ਗੁਰੂ ਖਾਲਸਾ* (ਡਿਜੀਟਲ ਪ੍ਰਕਾਸ਼ਨ), ਪ੍ਰਕਾਸ਼ਕ ਭਾਈ ਬਲਜਿੰਦਰ ਸਿੰਘ (ਰਾੜਾ ਸਾਹਿਬ), ਪੰਨੇ 59-60

[43] ਸਿੱਖ ਸ੍ਰੋਤਾਂ ਅਨੁਸਾਰ ਗੁਰੂ ਜੀ ਨੇ ਆਗਰੇ ਦੇ ਇਕ ਬਾਗ ਵਿਚੋਂ ਹਸਨ ਅਲੀ ਨਾਮਕ ਮੁਸਮਲਾਨ ਆਜੜੀ ਨੂੰ ਮਿਠਾਈ ਖਰੀਦਣ ਲਈ ਕੀਮਤੀ ਦੁਸ਼ਾਲਾ ਤੇ ਕੀਮਤੀ ਅੰਗੂਠੀ ਦੇ ਕੇ ਮੁਗ਼ਲ ਫੌਜਾਂ ਨੂੰ ਬਾਗ ਵਿਚ ਆਪਣੀ ਹੋਂਦ ਦਾ ਅਹਿਸਾਸ ਕਰਵਾ ਕੇ ਗ੍ਰਿਫ਼ਤਾਰੀ ਦਿੱਤੀ।

ਨਾਲ ਰੱਦ ਨਹੀਂ ਕਰ ਸਕਦੇ ਅਤੇ ਨਾ ਹੀ ਭੱਟ ਵਹੀਆਂ ਦੇ ਤੱਥਾਂ ਨੂੰ ਅੱਖੋਂ ਓਹਲੇ ਕੀਤਾ ਜਾ ਸਕਦਾ ਹੈ। ਇਨ੍ਹਾਂ ਦੋਵਾਂ ਵਿਚਾਰਾਂ ਦੇ ਆਧਾਰ 'ਤੇ ਜੇਕਰ ਅਸੀਂ ਇਹ ਮੰਨ ਲਈਏ ਕਿ ਧਮਤਾਨ ਸਾਹਿਬ ਜੀ ਤੋਂ ਨਵੰਬਰ 1665 ਈ. ਵਿਚ ਹੋਣ ਵਾਲੀ ਪਹਿਲੀ ਗ੍ਰਿਫ਼ਤਾਰੀ ਤੋਂ ਇਲਾਵਾ ਗੁਰੂ ਸਾਹਿਬ ਜੀ ਦੀਆਂ ਦੋ ਹੋਰ ਗ੍ਰਿਫ਼ਤਾਰੀਆਂ ਹੋਈਆਂ ਤਾਂ ਜ਼ਿਆਦਾ ਗਲਤ ਨਹੀਂ ਹੋਵੇਗਾ, ਬੱਸ ਇਨ੍ਹਾਂ ਦੇ ਸਮੇਂ ਅਤੇ ਘਟਨਾਕ੍ਰਮ ਨੂੰ ਸਮਝਣ ਦੀ ਜ਼ਰੂਰਤ ਹੈ। ਮਲਕਪੁਰ ਰੰਘੜਾਂ ਦੀ ਗ੍ਰਿਫ਼ਤਾਰੀ ਨੂੰ ਪ੍ਰਿੰ. ਸਤਿਬੀਰ ਸਿੰਘ ਨੇ[44] ਮੁਗ਼ਲ ਹਕੂਮਤ ਦੁਆਰਾ ਦਿੱਤੀ ਗਈ ਚੇਤਾਵਨੀ ਕਿਹਾ ਹੈ ਜਿਸ ਤੋਂ ਬਾਅਦ ਉਨ੍ਹਾਂ ਨੂੰ ਰਿਹਾਅ ਕਰ ਦਿੱਤਾ ਗਿਆ। ਇਹ ਵੀ ਸੰਭਵ ਹੈ ਕਿ ਸੰਚਾਰ ਸਾਧਨਾਂ ਦੀ ਘਾਟ ਕਾਰਨ ਭੱਟ ਵਹੀਆਂ ਦੇ ਕਰਤਾ ਨੂੰ ਮਲਕਪੁਰ ਰੰਘੜਾਂ ਵਾਲੀ ਗ੍ਰਿਫ਼ਤਾਰੀ ਤੋਂ ਬਾਅਦ ਗੁਰੂ ਜੀ ਦੀ ਰਿਹਾਈ ਦਾ ਪਤਾ ਨਾ ਲੱਗ ਸਕਿਆ ਹੋਵੇ। ਸਿੱਖ ਸ੍ਰੋਤ ਗ੍ਰੰਥਾਂ ਵਿਚ ਮਲਕਪੁਰ ਰੰਘੜਾਂ ਵਾਲੀ ਗ੍ਰਿਫ਼ਤਾਰੀ ਦੇ ਜ਼ਿਕਰ ਵੀ ਅਣਹੋਂਦ ਦਾ ਵੀ ਇਹੀ ਕਾਰਨ ਹੋ ਸਕਦਾ ਹੈ। ਖੈਰ, ਇਸ ਗ੍ਰਿਫ਼ਤਾਰੀ ਤੋਂ ਬਾਅਦ ਗੁਰੂ ਸਾਹਿਬ ਜੀ ਦੀ ਰਿਹਾਈ ਨੂੰ ਪ੍ਰਵਾਨ ਕਰਨ ਨਾਲ ਮਲਕਪੁਰ ਰੰਘੜਾਂ ਜਾਂ ਆਗਰੇ ਵਾਲੀ ਦੁਬਿਧਾ ਲਗਪਗ ਖਤਮ ਹੋ ਜਾਂਦੀ ਹੈ ਕਿਉਂਕਿ ਗੁਰੂ ਸਾਹਿਬ ਜੀ ਦੇ ਸ਼ਹੀਦੀ ਤੋਂ ਪਹਿਲਾਂ ਕੁਝ ਮਹੀਨੇ ਨਵਾਬ ਸੈਫ਼ ਖ਼ਾਨ ਕੋਲ ਠਹਿਰਨ ਦਾ ਸਮਾਂ ਸਿੱਖ ਸ੍ਰੋਤ[45] ਪ੍ਰਵਾਨ ਕਰਦੇ ਹਨ। ਮਲਕਪੁਰ ਰੰਘੜਾਂ ਵਿਚ ਹੋਣ ਵਾਲੀ ਇਹ ਗ੍ਰਿਫ਼ਤਾਰੀ ਗੁਰੂ ਸਾਹਿਬ ਜੀ ਦੀ ਦੂਸਰੀ ਗ੍ਰਿਫ਼ਤਾਰੀ ਸੀ।

---

[44] *ਪ੍ਰਿੰ. ਸਤਿਬੀਰ ਸਿੰਘ, ਇਤਿ ਜਿਨਿ ਕਰੀ,* ਪੰਨੇ 171-172

[45] (ੳ) ਬਸੇ ਚੁਮਾਸਾ ਸਤਿਗੁਰੂ ਡੇਰਾ ਕੀਨਿ ਮੁਕਾਮ।। ਸੈਫ਼ਦੀਨ ਸੇਵਾ ਕਰਹਿ ਨਿਤ ਪ੍ਰਤਿ ਆਇ ਸਲਾਮ।। (*ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ,* ਰਾਸਿ 12, ਅੰਸੂ 31, ਪੰਨਾ 4347)

(ਅ) *ਤਵਾਰੀਖ ਗੁਰੂ ਖਾਲਸਾ* ਅਨੁਸਾਰ ਗੁਰੂ ਸਾਹਿਬ 17 ਅੱਸੂ, 1732 ਬਿਕ੍ਰਮੀ (1675 ਈ.) ਤੱਕ ਨਵਾਬ ਸੈਫ਼ਦੀਨ ਕੋਲ ਠਹਿਰੇ।

ਨਵਾਬ ਸੈਫ਼ ਖ਼ਾਨ ਪਾਸੋਂ ਵਿਦਾ ਹੋ ਕੇ ਗੁਰੂ ਸਾਹਿਬ ਜੀ ਪਟਿਆਲਾ, ਸਮਾਣਾ, ਕਰਹਾਲੀ, ਚੀਕਾ, ਕਰ੍ਹਾ, ਪਿਹੋਵਾ, ਰਹੇਲੇ, ਲਾਖਣ ਮਾਜਰਾ, ਰੋਹਤਕ, ਕਨੌੜ ਆਦਿ ਸਥਾਨਾਂ ਤੋਂ ਹੁੰਦੇ ਹੋਏ ਆਗਰਾ ਪਹੁੰਚੇ[46] ਜਿੱਥੇ ਉਨ੍ਹਾਂ ਨੂੰ ਗ੍ਰਿਫ਼ਤਾਰੀ ਤੋਂ ਬਾਅਦ ਦਿੱਲੀ ਲਿਆਂਦਾ ਗਿਆ। ਆਗਰਾ ਵਾਲੀ ਗ੍ਰਿਫ਼ਤਾਰੀ ਗੁਰੂ ਸਾਹਿਬ ਜੀ ਦੀ ਤੀਜੀ ਗ੍ਰਿਫ਼ਤਾਰੀ ਸੀ ਜੋ ਸ਼ਹਾਦਤ ਤੋਂ ਪਹਿਲਾਂ ਹੋਈ। ਗੁਰੂ ਸਾਹਿਬ ਜੀ ਦੇ ਨਾਲ ਭਾਈ ਮਤੀ ਦਾਸ, ਭਾਈ ਸਤੀ ਦਾਸ ਅਤੇ ਭਾਈ ਦਿਆਲਾ ਜੀ ਨੂੰ ਵੀ ਗ੍ਰਿਫ਼ਤਾਰ ਕੀਤਾ ਗਿਆ ਜਿਨ੍ਹਾਂ ਨੂੰ ਬਾਅਦ ਵਿਚ ਇਸਲਾਮ ਕਬੂਲ ਨਾ ਕਰਨ ਦੇ ਦੋਸ਼ ਵਿਚ ਸ਼ਾਹੀ ਹੁਕਮ ਅਨੁਸਾਰ ਚਾਂਦਨੀ ਚੌਂਕ ਵਿਚ ਗੁਰੂ ਜੀ ਦੀਆਂ ਅੱਖਾਂ ਸਾਹਮਣੇ ਸ਼ਹੀਦ ਕੀਤਾ ਗਿਆ ਤਾਂ ਕਿ ਗੁਰੂ ਜੀ ਵਿਚ ਡਰ ਪੈਦਾ ਕੀਤਾ ਜਾ ਸਕੇ। ਭਾਈ ਮਤੀ ਦਾਸ ਜੀ ਨੂੰ ਵਿਚਕਾਰੋਂ ਆਰੇ ਨਾਲ ਚੀਰ ਕੇ ਦੋਫਾੜ ਕਰਕੇ, ਭਾਈ ਸਤੀ ਦਾਸ ਜੀ ਨੂੰ ਰੂੰ ਨਾਲ ਲਪੇਟਣ ਤੋਂ ਬਾਅਦ ਅੱਗ ਲਗਾ ਕੇ ਅਤੇ ਭਾਈ ਦਿਆਲਾ ਜੀ ਨੂੰ ਦੇਗ ਅੰਦਰ ਉਬਲਦੇ ਪਾਣੀ ਵਿਚ ਬਿਠਾ ਕੇ ਸ਼ਹੀਦ ਕੀਤਾ ਗਿਆ।

ਸਾਡੇ ਕਈ ਇਤਿਹਾਸਕਾਰ ਇਹ ਵਿਚਾਰ ਵੀ ਪੇਸ਼ ਕਰਦੇ ਹਨ ਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਗ੍ਰਿਫ਼ਤਾਰੀ ਅਤੇ ਸ਼ਹਾਦਤ ਸਮੇਂ ਔਰੰਗਜ਼ੇਬ ਦਿੱਲੀ ਵਿਚ ਮੌਜੂਦ ਨਹੀਂ ਸੀ, ਉਹ ਸੈਨਿਕ ਬਗਾਵਤ ਦਬਾਉਣ ਲਈ ਹਸਨ ਅਬਦਾਲ ਗਿਆ ਹੋਇਆ ਸੀ। ਜਾਦੂ ਨਾਥ ਸਰਕਾਰ (1947 ਈ.) ਤੋਂ ਪਹਿਲਾਂ ਇਹ ਗੱਲ ਨਿਰਵਿਵਾਦ ਸੀ ਕਿ ਸ਼ਹੀਦੀ ਸਮੇਂ ਔਰੰਗਜ਼ੇਬ ਦਿੱਲੀ ਹੀ ਸੀ ਕਿਉਂਕਿ ਸਿੱਖ ਸ੍ਰੋਤ ਗ੍ਰੰਥ, ਗੁਰੂ ਜੀ ਦੀ ਸ਼ਹੀਦੀ ਤੋਂ ਪਹਿਲਾਂ ਔਰੰਗਜ਼ੇਬ ਅਤੇ ਗੁਰੂ ਸਾਹਿਬ ਜੀ ਵਿਚ ਹੋਣ ਵਾਲੀ ਗੱਲ-ਬਾਤ ਦਾ ਵਿਸਤ੍ਰਿਤ ਵੇਰਵਾ ਵੀ ਪ੍ਰਦਾਨ ਕਰਦੇ ਹਨ।

---

[46] *ਤਵਾਰੀਖ ਗੁਰੂ ਖਾਲਸਾ* (ਡਿਜੀਟਲ ਪ੍ਰਕਾਸ਼ਨ), ਪੰਨੇ 53-59

ਔਰੰਗਜ਼ੇਬ ਦੇ ਦਿੱਲੀ ਵਿਚ ਨਾ ਹੋਣ ਵਾਲੀ ਗੱਲ ਉਸ ਸਮੇਂ ਪ੍ਰਚਲਿਤ ਹੋਈ ਜਦੋਂ ਜਾਦੂ ਨਾਥ ਸਰਕਾਰ ਨੇ *'ਮਆਸਿਰੀ ਆਲਮਗਿਰੀ'* ਨਾਮਕ ਪੁਸਤਕ ਦਾ ਅੰਗਰੇਜ਼ੀ ਅਨੁਵਾਦ ਕਰ ਕੇ ਆਪਣੇ ਅਨੁਵਾਦ ਵਿਚ ਇਹ ਗੱਲ ਲਿਖੀ ਕਿ 14 ਫਰਵਰੀ, 1674 ਈ. ਅਫਗਾਨਾਂ ਹੱਥੋਂ ਮੁਗ਼ਲ ਸੈਨਾਪਤੀ ਸੁਜਾਇਤ ਖ਼ਾਨ ਦੇ ਮਾਰੇ ਜਾਣ ਦੀ ਖਬਰ ਮਿਲਣ ਤੋਂ ਬਾਅਦ ਔਰੰਗਜ਼ੇਬ 7 ਅਪ੍ਰੈਲ, 1674 ਈ. ਨੂੰ ਹਸਨ ਅਬਦਾਲ ਵੱਲ ਚਲ ਪਿਆ ਅਤੇ 23 ਦਸੰਬਰ 1675 ਈ. ਤੱਕ ਵਿਦਰੋਹ ਦਬਾਉਣ ਲਈ ਉਥੇ ਹੀ ਰਿਹਾ।[47] ਸਿਰਦਾਰ ਕਪੂਰ ਸਿੰਘ ਨੇ ਆਪਣੇ ਲੇਖ *'Who ordered the execution of Guru Tegh Bhadur'* [48] ਵਿਚ ਦਲੀਲਪੂਰਵਕ ਤਰੀਕੇ ਨਾਲ ਇਸ ਗੱਲ ਨੂੰ ਪ੍ਰਮਾਣਿਤ ਕੀਤਾ ਹੈ ਕਿ ਜਾਦੂ ਨਾਥ ਸਰਕਾਰ ਦੁਆਰਾ ਹਿਜਰੀ ਸੰਨ ਨੂੰ ਈਸਵੀ ਸੰਨ ਵਿਚ ਸਹੀ ਢੰਗ ਨਾਲ ਤਬਦੀਲ ਨਹੀਂ ਕੀਤਾ ਗਿਆ। ਉਨ੍ਹਾਂ ਦੁਆਰਾ *'Encyclopaedia of Islam (Published in Londen)'* ਦੇ ਹਵਾਲੇ ਨਾਲ ਪੇਸ਼ ਕੀਤਾ ਇਹ ਤੱਥ[49] ਜਿਆਦਾ ਉਚਿਤ ਜਾਪਦਾ ਹੈ ਕਿ ਔਰੰਗਜ਼ੇਬ ਦੀ ਹਸਨ ਅਬਦਾਲ ਤੋਂ ਵਾਪਸੀ ਮਾਰਚ, 1675 ਦੇ ਅੰਤ ਵਿਚ ਹੋਈ ਨਾ ਕਿ ਦਸੰਬਰ 1675 ਈ. ਵਿਚ।

ਸਭ ਤੋਂ ਪ੍ਰਮੁੱਖ ਤੇ ਨਿਰਣਾਇਕ ਤੱਥ ਹੈ- ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਸੰਬੰਧੀ ਬਚਿਤ੍ਰ ਨਾਟਕ ਵਿਚ ਦਿੱਤੀ ਗਈ ਗਵਾਹੀ, ਜਿਸ ਦੇ ਅਨੁਸਾਰ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਆਪਣਾ ਸਰੀਰ ਰੂਪੀ ਭਾਂਡਾ ਦਿੱਲੀ ਦੇ ਬਾਦਸ਼ਾਹ ਦੇ ਸਿਰ 'ਤੇ ਭੰਨਿਆ।[50] ਇਸ ਗਵਾਹੀ

---

47 *MAÂSIR-I-ÂLAMGIRI,* Sir Jadunath Sarkar (Translater), P. 81-82, 91

48 *ਨਾਨਕ ਪ੍ਰਕਾਸ਼ ਪਤ੍ਰਿਕਾ,* ਜੂਨ-ਦਸੰਬਰ 1975, ਪੰਨੇ 128-129

49 ਉਹੀ, ਪੰਨੇ 129-130

50 ਠੀਕਰ ਫੋਰਿ ਦਿਲੀਸ ਸਿਰਿ ਪ੍ਰਭ ਪੁਰਿ ਕੀਯਾ ਪਯਾਨ।। -ਸ਼ਬਦਾਰਥ ਦਸਮ ਗ੍ਰੰਥ ਸਾਹਿਬ,

ਤੋਂ ਬਾਅਦ ਕਿਸੇ ਪ੍ਰਕਾਰ ਦੇ ਸ਼ੱਕ ਦੀ ਗੁੰਜਾਇਸ਼ ਨਹੀਂ ਰਹਿ ਜਾਂਦੀ ਕਿ ਗੁਰੂ ਸਾਹਿਬ ਜੀ ਦੀ ਸ਼ਹੀਦੀ ਸਮੇਂ ਔਰੰਗਜ਼ੇਬ ਦਿੱਲੀ ਵਿਚ ਹੀ ਸੀ ਜਿਸ ਦੇ ਹੁਕਮ ਨਾਲ ਹੀ 'ਕੀਨੋ ਬਡੋ ਕਲੂ ਮਹਿ ਸਾਕਾ' ਵਾਲੀ ਘਟਨਾ ਵਾਪਰੀ।

ਔਰੰਗਜ਼ੇਬ ਦੁਆਰਾ, ਗੁਰੂ ਜੀ ਨੂੰ ਸ਼ਹੀਦ ਕਰਨ ਤੋਂ ਪਹਿਲਾਂ ਤਿੰਨ ਵਿਕਲਪ (Option) ਦਿੱਤੇ ਗਏ- ਇਸਲਾਮ ਕਬੂਲ ਕਰੋ, ਕਰਾਮਾਤ ਦਿਖਾਓ ਜਾਂ ਮੌਤ ਦੀ ਸਜ਼ਾ ਲਈ ਤਿਆਰ ਰਹੋ। ਸ਼ਾਹੀ ਕਾਜ਼ੀ ਨੇ ਇਨ੍ਹਾਂ ਵਿਚੋਂ ਇਕ ਵਿਕਲਪ ਚੁਣਨ ਲਈ ਕਿਹਾ-

ਸ਼ਰ੍ਹਾ ਮਾਨਿ, ਕੈ ਅਜ਼ਮਤਿ ਦੈਨ। ਕਿਧੌਂ ਮ੍ਰਿਤੂ ਅਪਨੀ ਕਰਿ ਲੈਨ।
ਇਨ ਤੀਨਹੁਂ ਮਹਿਂ ਲਖਹੁ ਜੋ ਨੀਕੀ। ਹਿਯ ਕੇ ਬੀਚ ਕਰਹੁ ਸੁ ਠੀਕੀ।[51]

ਗੁਰੂ ਸਾਹਿਬ ਜੀ ਨੇ ਇਸਲਾਮ ਧਾਰਨ ਕਰਨ ਅਤੇ ਕਰਾਮਾਤ ਵਿਖਾਉਣ ਦੀ ਥਾਂ ਸ਼ਹਾਦਤ ਵਾਲਾ ਤੀਸਰਾ ਵਿਕਲਪ ਚੁਣਿਆ। ਔਰੰਗਜ਼ੇਬ ਦੇ ਹੁਕਮ ਦੁਆਰਾ, ਕਾਜ਼ੀ ਅਬਦੁਲ ਵਹਾਬ ਵੋਹਰਾ ਦੇ ਫਤਵੇ ਰਾਹੀਂ ਸਮਾਣੇ ਦੇ ਰਹਿਣ ਵਾਲੇ ਜੱਲਾਦ ਜਲਾਲ-ਉਦ-ਦੀਨ ਦੁਆਰਾ ਦਿੱਲੀ ਦੇ ਚਾਂਦਨੀ ਚੌਂਕ ਵਿਚ ਗੁਰੂ ਜੀ ਦਾ ਸੀਸ ਧੜ ਨਾਲੋਂ ਜੁਦਾ ਕਰ ਕੇ ਉਨ੍ਹਾਂ ਨੂੰ ਸ਼ਹੀਦ ਕਰ ਦਿੱਤਾ ਗਿਆ। ਗੁਰੂ ਕੀਆਂ ਸਾਖੀਆਂ[52] ਅਤੇ ਭੱਟ ਵਹੀ ਤਲਾਉਂਡਾ[53] ਅਨੁਸਾਰ ਉਨ੍ਹਾਂ ਦੀ ਸ਼ਹੀਦੀ ਮੱਘਰ ਸੁਦੀ 5, ਸੰਮਤ 1732 ਬਿਕ੍ਰਮੀ (11 ਨਵੰਬਰ, 1675 ਈ.) ਦਿਨ ਵੀਰਵਾਰ ਵਾਲੇ ਦਿਨ ਹੋਈ। ਜਿਸ ਬੋਹੜ ਦੇ ਰੁੱਖ ਹੇਠਾਂ ਗੁਰੂ ਜੀ ਦੀ ਸ਼ਹੀਦੀ

---

ਪੋਥੀ ਪਹਿਲੀ, ਭਾਈ ਰਣਧੀਰ ਸਿੰਘ (ਸੰਪਾ.), ਪੰਨਾ 70

[51] *ਸ੍ਰੀ ਗੁਰ ਪ੍ਰਤਾਪ ਗ੍ਰੰਥ,* ਜਿਲਦ ਗਿਆਰਵੀਂ, ਰਾਸ 12, ਅੰਸੂ 64, ਪੰਨਾ 4468

[52] *ਗੁਰੂ ਕੀਆਂ ਸਾਖੀਆਂ,* ਪੰਨਾ 82

[53] *ਭੱਟ ਵਹੀ ਤਲਾਉਂਡਾ, ਪਰਗਨਾ ਜੀਂਦ* ਉਧਰਿਤ *ਨਾਨਕ ਪ੍ਰਕਾਸ਼ ਪਤ੍ਰਿਕਾ,* ਜੂਨ-ਦਸੰਬਰ 1975, ਪੰਨਾ 84

ਹੋਈ, ਉਸ ਸਥਾਨ ਦੀ ਸ਼ਨਾਖਤ ਮਾਰਚ, 1783 ਈ. ਵਿਚ ਸ. ਬਘੇਲ ਸਿੰਘ ਕਰੋੜਸਿੰਘੀਆ ਨੇ ਦਿੱਲੀ ਜਿੱਤਣ ਤੋਂ ਬਾਅਦ ਇਕ ਬਜ਼ੁਰਗ ਮੁਸਲਿਮ ਮਾਸ਼ਕੀ ਔਰਤ (ਪਾਣੀ ਢੋਣ ਵਾਲੀ) ਤੋਂ ਕਰਵਾਈ ਜਿਸ ਦੇ ਪਿਤਾ ਨੇ ਸ਼ਹੀਦੀ ਤੋਂ ਬਾਅਦ ਪਾਣੀ ਨਾਲ ਸ਼ਹੀਦੀ ਸਥਾਨ ਨੂੰ ਸਾਫ ਕੀਤਾ ਸੀ। ਉਸ ਸਥਾਨ 'ਤੇ ਬਣੀ ਹੋਈ ਮਸਜਿਦ ਦੇ ਨਾਲ ਕੰਧ ਕੱਢ ਕੇ ਸ. ਬਘੇਲ ਸਿੰਘ ਨੇ ਗੁਰਦੁਆਰਾ ਸੀਸ ਗੰਜ ਸਾਹਿਬ ਦਾ ਨਿਰਮਾਣ ਕਰਵਾਇਆ।[54]

ਸ਼ਹੀਦੀ ਤੋਂ ਬਾਅਦ ਭਾਈ ਜੈਤਾ ਜੀ (ਬਾਬਾ ਜੀਵਨ ਸਿੰਘ ਜੀ) ਗੁਰੂ ਜੀ ਦੇ ਪਾਵਨ ਸੀਸ ਨੂੰ ਹਕੂਮਤ ਦੀਆਂ ਅੱਖਾਂ ਵਿਚ ਘੱਟਾ ਪਾ ਕੇ ਦਿੱਲੀ ਤੋਂ ਅਨੰਦਪੁਰ ਸਾਹਿਬ ਵੱਲ ਰਵਾਨਾ ਹੋ ਗਏ। ਭੱਟ ਵਹੀ ਮੁਲਤਾਨੀ ਸਿੰਧੀ ਅਨੁਸਾਰ[55] ਭਾਈ ਜੈਤਾ ਜੀ ਦੇ ਨਾਲ ਸੀਸ ਲੈ ਕੇ ਜਾਣ ਵਾਲਿਆਂ ਵਿਚ ਭਾਈ ਨਾਨੂ ਜੀ/ਨਨੂਆ ਜੀ ਅਤੇ ਭਾਈ ਊਦਾ ਜੀ ਵੀ ਸ਼ਾਮਿਲ ਸਨ। ਬਾਗਪਤ, ਬੜ ਖਾਲਸਾ*, ਤਰਾਵੜੀ, ਅੰਬਾਲਾ ਅਤੇ ਨਾਭਾ ਸਾਹਿਬ ਨਾਮਕ ਵੱਖ-ਵੱਖ ਸਥਾਨਾਂ 'ਤੇ ਪੜਾਅ ਕਰਦੇ ਹੋਏ ਇਹ ਗੁਰਸਿੱਖ ਮੱਘਰ ਸੁਦੀ 10, ਸੰਮਤ 1732 ਬਿਕਰਮੀ (16 ਨਵੰਬਰ, 1675 ਈ.) ਨੂੰ ਕੀਰਤਪੁਰ ਸਾਹਿਬ ਪਹੁੰਚੇ। ਇਸ ਸਥਾਨ 'ਤੇ ਗੁਰਦੁਆਰਾ ਬਿਬਾਨਗੜ੍ਹ ਸਾਹਿਬ ਸੁਭਾਇਮਾਨ ਹੈ। ਕੀਰਤਪੁਰ ਸਾਹਿਬ ਤੋਂ ਗੁਰੂ ਜੀ ਦੇ ਪਾਵਨ ਸੀਸ ਨੂੰ ਸਤਿਕਾਰ ਸਹਿਤ ਜਲੂਸ ਦੀ ਸ਼ਕਲ ਵਿਚ ਅਨੰਦਪੁਰ ਸਾਹਿਬ ਲਿਆ ਕੇ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਸਨਮਾਨ ਸਹਿਤ ਸਸਕਾਰ ਕੀਤਾ ਗਿਆ ਜਿਥੇ ਗੁਰਦੁਆਰਾ ਸੀਸ ਗੰਜ ਸਾਹਿਬ, ਸ੍ਰੀ ਅਨੰਦਪੁਰ ਸਾਹਿਬ ਮੌਜੂਦ ਹੈ।

---

[54] Bhagat singh, *History of Sikh Misals,* P. 279, Publication bureau, Punjabi University, Patiala, 2009.

[55] *ਭੱਟ ਵਹੀ ਮੁਲਤਾਨੀ ਸਿੰਧੀ, ਖਾਤਾ ਆਇਓਂ ਕਾ* ਉਧਰਿਤ *ਨਾਨਕ ਪ੍ਰਕਾਸ਼ ਪਤ੍ਰਿਕਾ,* ਜੂਨ-ਦਸੰਬਰ 1975, ਪੰਨਾ 84

* ਸਥਾਨਕ ਰਵਾਇਤ ਅਨੁਸਾਰ।

ਭਾਈ ਜੈਤਾ ਜੀ ਦੀ ਬਹਾਦਰੀ ਵੇਖ ਕੇ ਗੁਰੂ ਗੋਬਿੰਦ ਸਿੰਘ ਜੀ ਨੇ ਉਨ੍ਹਾਂ ਨੂੰ 'ਰੰਘਰੇਟਾ ਗੁਰੂ ਕਾ ਬੇਟਾ' ਕਹਿ ਕੇ ਮਾਣ ਪ੍ਰਦਾਨ ਕੀਤਾ।

ਭਾਈ ਲੱਖੀ ਸ਼ਾਹ ਵਣਜਾਰਾ ਨਾਮਕ ਗੁਰਸਿੱਖ ਨੇ ਮੱਘਰ ਸੁਦੀ 6, ਸੰਮਤ 1732 ਬਿਕਰਮੀ (12 ਨਵੰਬਰ, 1675 ਈ.) ਦੀ ਰਾਤ ਨੂੰ ਆਪਣੇ ਪੁੱਤਰਾਂ ਨਗਾਹੀਆ, ਹੇਮਾ, ਹਾੜੀ ਅਤੇ ਕਾਹਨੇ ਦੇ ਲੜਕੇ ਧੂਮਾ ਦੀ ਸਹਾਇਤਾ ਨਾਲ ਗੁਰੂ ਜੀ ਦੇ ਪਾਵਨ ਧੜ ਨੂੰ ਆਪਣੇ ਘਰ ਵਿਚ ਲਿਆ ਕੇ ਸਸਕਾਰ ਕੀਤਾ ਅਤੇ ਹਕੂਮਤ ਨੂੰ ਧੋਖਾ ਦੇਣ ਲਈ ਆਪਣੇ ਘਰ ਨੂੰ ਅੱਗ ਲਗਾ ਦਿੱਤੀ।[56] ਇਸ ਸਥਾਨ 'ਤੇ ਵਰਤਮਾਨ ਸਮੇਂ ਵਿਚ ਗੁਰਦੁਆਰਾ ਰਕਾਬ ਗੰਜ ਸਾਹਿਬ ਮੌਜੂਦ ਹੈ।

ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਇਸ ਅਦੁੱਤੀ ਸ਼ਹਾਦਤ ਦੇ ਬਹੁਤ ਹੀ ਦੂਰ ਅੰਦੇਸ਼ੀ ਇਤਿਹਾਸਕ ਪ੍ਰਭਾਵ ਪਏ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਨੁਸਾਰ[57] ਇਸ ਅਦੁੱਤੀ ਸਾਕੇ ਤੋਂ ਬਾਅਦ ਸਮੁੱਚੇ ਜਗਤ ਵਿਚ ਹਾਹਾਕਾਰ ਮੱਚ ਗਈ ਅਤੇ ਪਰਾਭੌਤਿਕ ਸੰਸਾਰ ਵਿਚ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਜੈ ਜੈ ਕਾਰ ਹੋਣ ਲੱਗ ਪਈ। ਇਸ ਸ਼ਹਾਦਤ ਨੇ ਸੁੱਤੀ ਹੋਈ ਲੋਕਾਈ ਨੂੰ ਇਕ ਜਬਰਦਸਤ ਹਲੂਣਾ ਦਿੱਤਾ ਜਿਸ ਤੋਂ ਬਾਅਦ ਅਨੇਕਾਂ ਥਾਵਾਂ ਤੋਂ ਔਰੰਗਜ਼ੇਬ ਦੀ ਮੁਗ਼ਲ ਹਕੂਮਤ ਦੇ ਖਿਲਾਫ ਵਿਦਰੋਹ ਹੋਣ ਲੱਗ ਪਏ। ਡਾ. ਇੰਦੂ ਭੂਸ਼ਣ ਬੈਨਰਜੀ ਲਿਖਦੇ ਹਨ ਕਿ ਗੁਰੂ ਜੀ ਦੀ ਸ਼ਹੀਦੀ ਤੋਂ ਬਾਅਦ ਸਾਰਾ ਪੰਜਾਬ ਨਫਰਤ ਅਤੇ ਬਦਲੇ ਦੀ ਭਾਵਨਾ ਨਾਲ ਭੜਕ ਉੱਠਿਆ।[58] ਰਤਨ ਸਿੰਘ ਭੰਗੂ ਅਨੁਸਾਰ ਉਸ ਦਿਨ ਤੋਂ ਦਿੱਲੀ ਦੀ ਮੁਗ਼ਲ

---

[56] *ਗੁਰੂ ਕੀਆਂ ਸਾਖੀਆਂ*, ਪੰਨਾ 85 ਅਤੇ *ਭੱਟ ਵਹੀ ਜਾਦੋਬੰਸੀਆਂ, ਖਾਤਾ ਕਨਾਵਤ ਬੜਤੀਓਂ ਕਾ* ਉਧਰਿਤ *ਨਾਨਕ ਪ੍ਰਕਾਸ਼ ਪਤ੍ਰਿਕਾ*, ਜੂਨ-ਦਸੰਬਰ 1975, ਪੰਨਾ 84.

[57] ਤੇਗ ਬਹਾਦੁਰ ਕੇ ਚਲਤ ਭਯੋ ਜਗਤ ਕੋ ਸੋਕ॥ ਹੈ ਹੈ ਹੈ ਸਭ ਜਗ ਭਯੋ ਜੈ ਜੈ ਜੈ ਸੁਰ ਲੋਕਿ॥

-*ਸ਼ਬਦਾਰਥ ਦਸਮ ਗ੍ਰੰਥ ਸਾਹਿਬ*, ਪੋਥੀ ਪਹਿਲੀ, ਪੰਨਾ 73

[58] ਇੰਦੂਭੂਸ਼ਣ ਬੈਨਰਜੀ, *ਖ਼ਾਲਸੇ ਦੀ ਉਤਪਤੀ*, ਭਾਗ ਦੂਜਾ, ਪੰਨਾ 63, ਪਬਲੀਕੇਸ਼ਨ ਬਿਊਰੋ,

ਹਕੂਮਤ ਦਾ ਪ੍ਰਭਾਵ ਘਟਣਾ ਸ਼ੁਰੂ ਹੋ ਗਿਆ-

ਤਬ ਤੇ ਘਟੀ ਪਾਤਸ਼ਾਹੀ ਦਿੱਲੀ। ਤਬ ਤੇ ਤੁਰਕ ਕਲਾ ਭਈ ਢਿੱਲੀ।[59]

ਗੁਰੂ ਜੀ ਦੀ ਸ਼ਹੀਦੀ ਤੋਂ ਬਾਅਦ ਔਰੰਗਜ਼ੇਬ ਬੇਚੈਨ ਹੋ ਗਿਆ ਤੇ ਉਹ ਉਸ ਰਾਤ ਨੂੰ ਚੰਗੀ ਤਰ੍ਹਾਂ ਨਾ ਸੌਂ ਸਕਿਆ।[60] ਖਾਲਿਸਾ ਨਾਮਾ ਦਾ ਕਰਤਾ ਬੱਖਤ ਮੱਲ ਲਿਖਦਾ ਹੈ ਇਕ ਖੁੱਲ੍ਹ-ਖ਼ਿਆਲੀਏ ਦਰਵੇਸ਼ ਨੇ ਜਦ ਸ਼ਹੀਦ ਗੁਰੂ ਤੇਗ਼ ਬਹਾਦਰ ਜੀ ਦੇ ਪਾਵਨ ਮ੍ਰਿਤਕ ਸਰੀਰ ਨੂੰ ਡਿੱਠਾ ਤਾਂ ਪੁਕਾਰ ਕੇ ਕਿਹਾ ਕਿ ਸੁਲਤਾਨ ਨੇ ਚੰਗਾ ਨਹੀਂ ਕੀਤਾ। ਇਨ੍ਹਾਂ ਕਾਰਨਾਂ ਕਰ ਕੇ ਹੀ ਇਕ ਐਸਾ ਬਗ਼ਾਵਤ ਦਾ ਤੂਫ਼ਾਨ ਉੱਠੇਗਾ ਜੋ ਸਾਰੀ ਦਿੱਲੀ ਨੂੰ ਆਪਣੀ ਲਪੇਟ ਵਿਚ ਲੈ ਲਵੇਗਾ ਤੇ ਦਿੱਲੀ ਉਜਾੜ ਕੇ ਰੱਖ ਦੇਵੇਗਾ।' (ਫ਼ਕਰਿ ਆਜ਼ਾਦਾਨਾ ਰਾਹ ਗੁਜ਼ਰ ਬਰ ਨਾਅਸ਼ ਗੁਰੂ ਉਫ਼ਤਾਦ ਵ ਗੁਫ਼ਤ ਕਿ ਸੁਲਤਾਨ ਖ਼ੂਬ ਨ ਕਰਦ।)[61]

ਔਰੰਗਜ਼ੇਬ ਦਾ ਖਿਆਲ ਸੀ ਕਿ ਸ੍ਰੀ ਗੁਰੂ ਤੇਗ ਬਹਾਦਰ ਦੀ ਸ਼ਹਾਦਤ ਤੋਂ ਬਾਅਦ ਸਮੁੱਚੀ ਸਿੱਖ ਕੌਮ ਬੇਸਹਾਰਾ ਹੋ ਕੇ ਨਿਰਾਸ਼ਾ ਦੇ ਆਲਮ ਵਿਚ ਡੁੱਬ ਜਾਵੇਗੀ ਪਰੰਤੂ ਹੋਇਆ ਇਸਦੇ ਬਿਲਕੁਲ ਹੀ ਉਲਟ। ਇਸ ਸ਼ਹੀਦੀ ਦਾ ਸਿੱਖਾਂ ਵਲੋਂ ਆਪਣੇ ਢੰਗ ਨਾਲ ਪ੍ਰਤੀਕਰਮ ਕੀਤਾ ਗਿਆ ਜਿਸ ਦੀ ਔਰੰਗਜ਼ੇਬ ਨੂੰ ਬਿਲਕੁਲ ਹੀ ਉਮੀਦ ਨਹੀਂ ਸੀ। *'ਮਆਸਿਰੀ ਆਲਮਗਿਰੀ'* ਵਿਚ ਇਸ ਪ੍ਰਕਾਰ

---

ਪੰਜਾਬੀ ਯੂਨੀਵਰਸਿਟੀ, ਪਟਿਆਲਾ, 2008.

[59] *ਸ੍ਰੀ ਗੁਰ ਪੰਥ ਪ੍ਰਕਾਸ਼,* ਜੀਤ ਸਿੰਘ ਸ਼ੀਤਲ, ਡਾ. (ਸੰਪਾ.), ਪੰਨਾ 69

[60] ਰਾਤਿ ਪ੍ਰਬਿਰਤੀ ਚਿੰਤ ਅਧੀਨਾ। ਰੁਚਿ ਕਰਿ ਖਾਨਾ ਖ਼ਾਨ ਨ ਕੀਨਾ।
ਜਬਿ ਪ੍ਰਯੰਕ ਪਰ ਪਹੁੰਚਯੋ ਪਾਪੀ। ਹਿਤ ਸੁਪਤਨਿ ਕੇ ਨਿੰਦ੍ਰਾ ਬਯਾਪੀ।
-*ਸ੍ਰੀ ਗੁਰ ਪ੍ਰਤਾਪ ਗ੍ਰੰਥ,* ਜਿਲਦ ਗਿਆਰਵੀਂ, ਰਾਸ 12, ਅੰਸੂ 68, ਪੰਨਾ 4482

[61] ਖਾਲਿਸਾ ਨਾਮਾ, ਪੰਨਾ ੧੨, ਖਰੜਾ ਪੰਜਾਬੀ ਯੂਨੀਵਰਸਿਟੀ ਪਟਿਆਲਾ ਉਧਰਿਤ *ਇਤਿ ਜਿਨਿ ਕਰੀ,* ਪੰਨਾ 183

ਦੀਆਂ ਤਿੰਨ ਘਟਨਾਵਾਂ ਪ੍ਰਾਪਤ ਹੁੰਦੀਆਂ ਹਨ। ਪਹਿਲੀ ਘਟਨਾ[62] 24 ਜੂਨ, 1676 ਈ./22 ਰਬੀ ਉਲ-ਅਵਲ ਨੂੰ ਚਾਂਦਨੀ ਚੌਂਕ ਵਿਚ ਔਰੰਗਜ਼ੇਬ ਦੇ ਘੋੜੇ 'ਤੇ ਚੜ੍ਹਨ ਸਮੇਂ ਵਾਪਰੀ ਜਦੋਂ ਉਸ ਉਪਰ ਇਕ ਸੋਟੀ ਵਗਾਹ ਕੇ ਮਾਰੀ ਗਈ ਜੋ ਉਸ ਦੇ ਅੰਗ ਰੱਖਿਅਕਾਂ ਦੀ ਛਤਰੀ 'ਤੇ ਵੱਜੀ। ਦੂਜੀ ਘਟਨਾ[63] 19 ਅਕਤੂਬਰ 1676 ਈ. /21 ਸ਼ਾਬਾਨ ਦੀ ਹੈ ਜਦੋਂ ਔਰੰਗਜ਼ੇਬ ਨਮਾਜ਼ ਪੜ੍ਹ ਕੇ ਵਾਪਸ ਆ ਰਿਹਾ ਸੀ ਤਾਂ ਭੀੜ ਵਿਚੋਂ ਉਸ 'ਤੇ ਤਲਵਾਰ ਨਾਲ ਹਮਲਾ ਹੋਇਆ ਜਿਸ ਨਾਲ ਉਸ ਦੇ ਅੰਗ ਰੱਖਿਅਕ ਮੁਕੱਰਮ ਖ਼ਾਨ ਦੀ ਉਂਗਲ ਜ਼ਖਮੀ ਹੋ ਗਈ। ਤੀਜੀ ਘਟਨਾ[64] 27 ਅਕਤੂਬਰ 1676 ਈ. /29 ਰਮਜ਼ਾਨ ਦੀ ਹੈ ਜਦੋਂ ਔਰੰਗਜ਼ੇਬ ਜੁੰਮੇ ਦੀ ਨਮਾਜ ਪੜ੍ਹਣ ਤੋਂ ਬਾਅਦ ਜਾਮਾ ਮਸਜਿਦ ਦੀਆਂ ਪੌੜੀਆਂ ਉਤਰ ਕੇ ਕਿਸ਼ਤੀ ਵਿਚ ਸਵਾਰ ਹੋਣ ਲੱਗਿਆ ਤਾਂ ਇਕ ਸਿੱਖ ਨੇ ਉਸ ਦੇ ਦੋ ਇੱਟਾਂ ਮਾਰੀਆਂ। ਬੇਸ਼ਕ ਇਹ ਸਿੱਖ ਔਰੰਗਜ਼ੇਬ ਦੇ ਅੰਗ ਰੱਖਿਅਕਾਂ ਪਾਸੋਂ ਸ਼ਹੀਦ ਹੋ ਗਿਆ ਪਰ ਹੌਂਸਲੇ ਅਤੇ ਵਿਰੋਧ ਦਾ ਪ੍ਰਗਟਾਵਾ ਕਰ ਗਿਆ। ਇਹ ਤਿੰਨ ਘਟਨਾਵਾਂ ਦੱਸਦੀਆਂ ਹਨ ਕਿ ਗੁਰੂ ਸਾਹਿਬ ਜੀ ਦੀ ਸ਼ਹੀਦੀ ਕਾਰਨ ਸਿੱਖਾਂ ਵਿਚ ਕਿੰਨਾ ਜ਼ਿਆਦਾ ਰੋਸ ਸੀ। ਪ੍ਰਿੰ. ਸਤਿਬੀਰ ਸਿੰਘ ਨੇ[65] ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਦੀ ਤੁਲਨਾ ਫ਼ੀਨਕਸ ਨਾਮ ਦੇ ਮਿਥਿਹਾਸਕ ਪੰਛੀ ਨਾਲ ਕੀਤੀ ਹੈ ਜੋ ਆਪਣੇ ਅੰਤਿਮ ਸਮੇਂ 'ਤੇ ਤੀਲੇ-ਤਿਣਕੇ ਇਕੱਠੇ ਕਰ ਕੇ ਉਸ ਦੀ ਅੱਗ ਵਿਚ ਆਪਣੇ ਆਪ ਨੂੰ ਸਾੜ ਦਿੰਦਾ ਹੈ। ਇਸ ਤੋਂ ਬਾਅਦ ਅੱਗ ਦੀ ਰਾਖ ਵਿਚੋਂ ਇਕ ਆਂਡਾ ਨਿਕਲਦਾ ਹੈ ਜਿਸ ਤੋਂ ਫ਼ੀਨਕਸ ਵਰਗਾ ਹੀ ਪੰਛੀ ਪੈਦਾ ਹੁੰਦਾ ਹੈ।

---

[62] *MAÂSIR-I-ÂLAMGIRI,* Sir Jadunath Sarkar (Translater), P. 94-95

[63] ਉਹੀ, ਪੰਨਾ 95

[64] ਉਹੀ, ਪੰਨਾ 93

[65] ਪ੍ਰਿੰ. ਸਤਿਬੀਰ ਸਿੰਘ,*ਇਤਿ ਜਿਨਿ ਕਰੀ,* ਪੰਨਾ 186

ਬਿਲਕੁਲ ਇਸੇ ਤਰ੍ਹਾਂ ਹੀ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਵਿਚੋਂ ਉਨ੍ਹਾਂ ਵਰਗਾ ਹੀ ਮਜ਼ਲੂਮਾਂ ਦਾ ਰੱਖਿਅਕ ਤੇ ਨਿਡਰ ਖਾਲਸਾ ਪੈਦਾ ਹੋਇਆ ਜਿਸ ਨੇ ਇਸ 'ਜ਼ੁਲਮੀ ਰਾਜ' ਨੂੰ ਖਤਮ ਕਰ ਕੇ 'ਹਲੇਮੀ ਰਾਜ' ਸਥਾਪਿਤ ਕੀਤਾ।

*****

ਸ੍ਰੀ ਗੁਰੂ ਤੇਗ ਬਹਾਦਰ ਜੀ ਨੇ 15 ਰਾਗਾਂ ਵਿਚ 59 ਸ਼ਬਦ ਅਤੇ 57 ਸਲੋਕਾਂ ਦੀ ਰਚਨਾ ਕੀਤੀ ਜਿਸ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਾਬੋ ਕੀ ਤਲਵੰਡੀ (ਜ਼ਿਲ੍ਹਾ ਬਠਿੰਡਾ) ਨਾਮਕ ਅਸਥਾਨ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਕੀਤਾ। ਗੁਰੂ ਸਾਹਿਬ ਜੀ ਦੀ ਬਾਣੀ ਦੀ ਭਾਸ਼ਾ ਮੁੱਖ ਰੂਪ ਵਿਚ 'ਬ੍ਰਜ' ਅਤੇ ਕੁਝ ਹੱਦ ਤੱਕ ਸਧੁੱਕੜੀ ਭਾਸ਼ਾ ਹੈ। ਗੁਰੂ ਜੀ ਦੁਆਰਾ ਰਚਿਤ ਜੈਜਾਵੰਤੀ ਰਾਗ ਦੇ 4 ਸ਼ਬਦਾਂ ਰਾਹੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ 'ਜੈਜਾਵੰਤੀ ਰਾਗ' ਦੇ ਰੂਪ ਵਿਚ ਨਵਾਂ ਰਾਗ ਸ਼ਾਮਿਲ ਹੋਇਆ। ਉਨ੍ਹਾਂ ਦੀ ਬਾਣੀ ਵਿਚ 38 ਦੁਪਦੇ ਅਤੇ 21 ਤਿਪਦੇ ਸ਼ਾਮਿਲ ਹਨ। ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 57 ਸਲੋਕਾਂ ਦਾ ਅਖੰਡ ਪਾਠ ਦੇ ਭੋਗ ਸਮੇਂ ਪਾਠੀ ਸਿੰਘਾਂ ਦੁਆਰਾ ਬੈਰਾਗਮਈ ਅਤੇ ਦਿਲ ਖਿਚਵੀਂ ਲੈਅ ਵਿਚ ਪਾਠ ਕੀਤਾ ਜਾਂਦਾ ਹੈ ਜੋ 'ਸਲੋਕ ਵਾਰਾਂ ਤੇ ਵਧੀਕ' ਵਿਚ 'ਸਲੋਕ ਮਹਲਾ ੯' ਦੇ ਸਿਰਲੇਖ ਹੇਠ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਅੰਗ 1426 ਤੋਂ 1429 ਤੱਕ ਦਰਜ ਹਨ। ਗੁਰੂ ਸਾਹਿਬ ਜੀ ਦੇ ਸਭ ਤੋਂ ਵੱਧ ਸ਼ਬਦ ਸੋਰਠਿ ਰਾਗ ਵਿਚ ਦਰਜ ਹਨ ਜਿਨ੍ਹਾਂ ਦੀ ਗਿਣਤੀ 12 ਹੈ ਅਤੇ ਸਭ ਤੋਂ ਘੱਟ ਸ਼ਬਦ ਆਸਾ, ਬਿਹਾਗੜਾ ਅਤੇ ਟੋਡੀ ਰਾਗ ਵਿਚ ਦਰਜ ਹਨ ਜਿਨ੍ਹਾਂ ਦੀ ਗਿਣਤੀ ਤਿੰਨਾਂ ਰਾਗਾਂ ਵਿਚ 01-01 ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰਾਗ ਕ੍ਰਮ ਅਨੁਸਾਰ 15 ਰਾਗਾਂ ਵਿਚ ਦਰਜ ਸ੍ਰੀ ਤੇਗ ਬਹਾਦਰ ਜੀ ਦੀ ਬਾਣੀ ਦਾ ਵੇਰਵਾ ਇਸ ਪ੍ਰਕਾਰ ਹੈ-

ਗਉੜੀ-09 ਸ਼ਬਦ, ਆਸਾ-01 ਸ਼ਬਦ, ਦੇਵਗੰਧਾਰੀ-03 ਸ਼ਬਦ, ਬਿਹਾਗੜਾ-01 ਸ਼ਬਦ, ਸੋਰਠਿ-12 ਸ਼ਬਦ, ਧਨਾਸਰੀ-04 ਸ਼ਬਦ, ਜੈਤਸਰੀ-03 ਸ਼ਬਦ, ਟੋਡੀ-01 ਸ਼ਬਦ, ਤਿਲੰਗ (ਰਾਗੁ ਤਿਲੰਗ ਕਾਫੀ)-03 ਸ਼ਬਦ, ਬਿਲਾਵਲ-03 ਸ਼ਬਦ, ਰਾਮਕਲੀ-03 ਸ਼ਬਦ, ਮਾਰੂ-03 ਸ਼ਬਦ, ਬਸੰਤ-05 ਸ਼ਬਦ (1 ਸ਼ਬਦ

ਰਾਗ ਬਸੰਤ ਹਿੰਡੋਲ + 04 ਸ਼ਬਦ ਰਾਗ ਬਸੰਤੁ), ਸਾਰੰਗ-04 ਸ਼ਬਦ, ਜੈਜਾਵੰਤੀ-04 ਸ਼ਬਦ

**15 ਰਾਗਾਂ ਵਿਚ ਕੁੱਲ ਸ਼ਬਦ- 59**

**ਵਾਰਾਂ ਤੇ ਵਧੀਕ ਵਿਚ ਸਲੋਕ (ਸਲੋਕ ਮਹਲਾ ੯ ਦੇ ਸਿਰਲੇਖ ਅਧੀਨ)- 57**

**ਕੁੱਲ ਬਾਣੀ- 59 ਸ਼ਬਦ ਅਤੇ 57 ਸਲੋਕ**

ਸ੍ਰੀ ਗੁਰੂ ਤੇਗ ਬਹਾਦਰ ਜੀ ਬਾਣੀ ਦਾ ਮੁੱਖ ਵਿਸ਼ਾ, ਵਿਸ਼ੇ-ਵਿਕਾਰਾਂ ਵਿਚ ਭਟਕ ਰਹੇ ਮਨੁੱਖ ਨੂੰ ਸੰਸਾਰ ਅਤੇ ਸਾਕ-ਸੰਬੰਧੀਆਂ ਦੀ ਨਾਸਵਾਨਤਾ ਵਾਲੇ ਪੱਖ ਬਾਰੇ ਸੁਚੇਤ ਕਰ ਕੇ ਅਕਾਲ ਪੁਰਖ ਦੇ ਨਾਮ ਨਾਲ ਜੋੜਣਾ ਹੈ ਕਿਉਂਕਿ ਅਕਾਲ ਪੁਰਖ ਦਾ ਨਾਮ ਹੀ ਸਦੀਵੀ ਕਾਇਮ ਰਹਿਣ ਵਾਲਾ ਹੈ।

ਗੁਰੂ ਤੇਗ ਬਹਾਦਰ ਜੀ ਨੇ ਅਕਾਲ ਪੁਰਖ ਨੂੰ ਅਨੰਤ ਗੁਣਾਂ ਦਾ ਆਧਾਰ ਮੰਨਦੇ ਹੋਏ ਉਸ ਨੂੰ 'ਦੀਨ ਬੰਧੁ', 'ਦੁਖ ਭੰਜਨ' 'ਦੀਨ ਦਇਆਲ', 'ਸਭ ਸੁਖ ਦਾਤਾ', 'ਪਤਿਤ ਉਧਾਰਨ', 'ਸਰਬ ਨਿਵਾਸੀ', 'ਚਿੰਤਾਮਣਿ' ਆਦਿ ਪਦਾਂ ਨਾਲ ਸੰਬੋਧਨ ਕੀਤਾ ਹੈ।

ਪਰਮਾਤਮਾ ਦਾ ਸੁਭਾਅ ਪਾਪੀਆਂ ਨੂੰ ਪਵਿੱਤਰ ਕਰਨ ਵਾਲਾ ਹੈ। ਉਹ ਅਨਾਥਾਂ ਦਾ ਨਾਥ ਹੈ ਅਤੇ ਭੈ ਤੋਂ ਮੁਕਤੀ ਦੇਣ ਵਾਲਾ ਹੈ।[66] ਅਕਾਲ ਪੁਰਖ ਨੂੰ ਗੁਰੂ ਤੇਗ ਬਹਾਦਰ ਜੀ ਨੇ ਸਾਰੇ ਹੀ ਸੁੱਖਾਂ ਦਾ ਇਕ ਮਾਤਰ ਦਾਤਾ ਕਿਹਾ ਹੈ[67] ਜਿਸ ਦੇ ਸਾਹਮਣੇ ਸਾਰਾ ਸੰਸਾਰ ਭਿਖਾਰੀ ਵਾਂਗ ਹੈ।[68]

---

[66] ਪਤਿਤ ਉਧਾਰਨ ਭੈ ਹਰਨ ਹਰਿ ਅਨਾਥ ਕੇ ਨਾਥ ॥
ਕਹੁ ਨਾਨਕ ਤਿਹ ਜਾਨੀਐ ਸਦਾ ਬਸਤੁ ਤੁਮ ਸਾਥਿ ॥੬॥

-ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 1426

[67] ਸਭ ਸੁਖ ਦਾਤਾ ਰਾਮੁ ਹੈ ਦੂਸਰ ਨਾਹਿਨ ਕੋਇ ॥
ਕਹੁ ਨਾਨਕ ਸੁਨਿ ਰੇ ਮਨਾ ਤਿਹ ਸਿਮਰਤ ਗਤਿ ਹੋਇ ॥੯॥

ਗੁਰੂ ਤੇਗ ਬਹਾਦਰ ਜੀ ਨੇ ਸੰਸਾਰਕ ਰਿਸ਼ਤਿਆਂ ਦੀ ਅਸਲੀਅਤ ਨੂੰ ਪੇਸ਼ ਕਰਦੇ ਹੋਏ ਇਹ ਵਿਚਾਰ ਪੇਸ਼ ਕੀਤਾ ਹੈ ਕਿ ਇਹ ਸਾਰਾ ਸੰਸਾਰ ਆਪਣੇ ਸੁੱਖਾਂ ਕਾਰਨ ਹੀ ਮਨੁੱਖ ਨਾਲ ਜੁੜਦਾ ਹੈ। ਸੁੱਖਾਂ ਦੇ ਸਮੇਂ ਵਿਚ ਸਾਰੇ ਹੀ ਸਾਕ-ਸੰਬੰਧੀ ਮਨੁੱਖ ਦੇ ਨਾਲ ਹਰ ਸਮੇਂ ਨਜ਼ਦੀਕੀ ਅਤੇ ਆਪਣਾਪਣ ਬਣਾ ਕੇ ਰੱਖਦੇ ਹਨ ਪਰੰਤੂ ਬਿਪਤਾ ਦੇ ਸਮੇਂ ਇਨ੍ਹਾਂ ਵਿਚੋਂ ਕੋਈ ਵੀ ਨੇੜੇ ਨਹੀਂ ਆਉਂਦਾ। ਅਜਿਹੇ ਸਮੇਂ ਵਿਚ ਪਰਮਾਤਮਾ ਤੋਂ ਬਿਨਾਂ ਹੋਰ ਕੋਈ ਵੀ ਮਨੁੱਖ ਦੇ ਕੰਮ ਨਹੀਂ ਆਉਂਦਾ।[69]

ਮਨੁੱਖਾ ਜੀਵਨ ਦੀ ਉਮਰ ਦੇ ਪੜਾਅ ਅਨੁਸਾਰ ਗੁਰੂ ਤੇਗ ਬਹਾਦਰ ਜੀ ਨੇ ਤਿੰਨ ਅਵਸਥਾਵਾਂ ਮੰਨੀਆਂ ਹਨ- ਬਚਪਨ, ਜਵਾਨੀ ਅਤੇ ਬੁਢਾਪਾ। ਜੇਕਰ ਪਰਮਾਤਮਾ ਦਾ ਨਾਮ-ਸਿਮਰਨ ਨਾ ਕੀਤਾ ਜਾਵੇ ਤਾਂ ਇਹ ਸਾਰੀਆਂ ਅਵਸਥਾਵਾਂ ਹੀ ਵਿਅਰਥ ਚਲੀਆਂ ਜਾਂਦੀਆਂ ਹਨ।[70]

ਗੁਰੂ ਤੇਗ ਬਹਾਦਰ ਜੀ ਨੇ ਮਾਇਆ ਵਿਚ ਗਲਤਾਨ ਮਨੁੱਖੀ ਮਨ ਨੂੰ ਪਰਮਾਤਮਾ ਨਾਲ ਜੋੜਨ ਲਈ ਵਾਰ-ਵਾਰ ਸੰਸਾਰ ਦੀ ਨਾਸ਼ਵਾਨਤਾ ਵਾਲਾ ਪੱਖ ਪੇਸ਼ ਕੀਤਾ ਹੈ। ਉਨ੍ਹਾਂ ਨੇ ਸੰਸਾਰ ਦੀ ਥੋੜ੍ਹਚਿਰੀ ਹੋਂਦ ਨੂੰ ਪ੍ਰਗਟ ਕਰਨ ਲਈ ਇਸ ਨੂੰ ਬੱਦਲ ਦੀ ਛਾਂ, ਰਾਤ ਦੇ ਸੁਪਨੇ, ਪਾਣੀ ਦੇ ਬੁਲਬੁਲੇ, ਰੇਤੇ ਦੀ ਕੰਧ ਅਤੇ ਮ੍ਰਿਗ ਤ੍ਰਿਸ਼ਨਾ ਦੇ ਰੂਪ ਵਜੋਂ ਪੇਸ਼ ਕੀਤਾ ਹੈ।

---

-ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 1426

68 ਜਗਤੁ ਭਿਖਾਰੀ ਫਿਰਤੁ ਹੈ ਸਭ ਕੋ ਦਾਤਾ ਰਾਮੁ ॥
ਕਹੁ ਨਾਨਕ ਮਨ ਸਿਮਰੁ ਤਿਹ ਪੂਰਨ ਹੋਵਹਿ ਕਾਮ ॥੪੦॥ -ਉਹੀ, ਅੰਗ 1426

69 ਪ੍ਰੀਤਮ ਜਾਨਿ ਲੇਹੁ ਮਨ ਮਾਹੀ ॥ ...ਅੰਤ ਬਾਰ ਨਾਨਕ ਬਿਨੁ ਹਰਿ ਜੀ ਕੋਊ ਕਾਮਿ ਨ ਆਇਓ ॥੩॥੧੨॥੧੩੯॥ -ਉਹੀ, ਅੰਗ 634

70 ਬਾਲ ਜੁਆਨੀ ਅਰੁ ਬਿਰਧਿ ਫੁਨਿ ਤੀਨਿ ਅਵਸਥਾ ਜਾਨਿ ॥
ਕਹੁ ਨਾਨਕ ਹਰਿ ਭਜਨ ਬਿਨੁ ਬਿਰਥਾ ਸਭ ਹੀ ਮਾਨੁ ॥੩੫॥ -ਉਹੀ, ਅੰਗ 1428

ਗੁਰੂ ਤੇਗ ਬਹਾਦਰ ਜੀ ਨੇ ਅਸਥਿਰ ਸੰਸਾਰ ਵਿਚ ਤਿੰਨ ਚੀਜਾਂ ਦੀ ਹੋਂਦ ਨੂੰ ਸਦੀਵੀ ਤੌਰ 'ਤੇ ਕਾਇਮ ਰਹਿਣ ਵਾਲਾ ਮੰਨਿਆ ਹੈ- ਪਰਮਾਤਮਾ ਦਾ ਨਾਮ, ਇਸ ਨੂੰ ਜਪਣ ਵਾਲਾ ਸਾਧੂ ਅਤੇ ਨਾਮ ਜਪਣ ਦੀ ਜੁਗਤੀ ਦੱਸਣ ਵਾਲਾ ਗੁਰੂ।[71]

'ਨਾਮ' ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦਾ ਆਧਾਰਭੂਤ ਵਿਸ਼ਾ ਹੈ। ਇਸ ਸੰਬੰਧੀ ਪਿਛਲੇ ਪੰਨਿਆਂ ਵਿਚ ਵੀ ਜ਼ਿਕਰ ਕੀਤਾ ਜਾ ਚੁੱਕਾ ਹੈ ਕਿ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦਾ ਅਸਲ ਉਦੇਸ਼ ਮਨੁੱਖ ਨੂੰ ਮੋਹ ਮਾਇਆ ਤੋਂ ਮੁਕਤ ਕਰਕੇ ਪਰਮਾਤਮਾ ਦੇ ਨਾਮ ਨਾਲ ਜੋੜਨਾ ਹੈ ਜਿਸ ਰਾਹੀਂ ਹੀ ਮਨੁੱਖਾ ਜੀਵਨ ਦੀ ਸਫਲਤਾ ਸੰਭਵ ਹੈ।

ਗੁਰੂ ਤੇਗ ਬਹਾਦਰ ਜੀ ਨੇ ਪਰਮਾਤਮਾ ਦੇ ਨਾਮ ਨੂੰ ਇਸ ਦਾ ਸਿਮਰਨ ਕਰਨ ਵਾਲੇ ਸ਼ਰਨਾਗਤ ਮਨੁੱਖਾਂ ਅਤੇ ਪਾਪੀ ਮਨੁੱਖਾਂ ਦਾ ਉਧਾਰ ਕਰਨ ਵਾਲਾ ਦਰਸਾਇਆ ਹੈ। ਇਸ ਸੰਬੰਧ ਵਿਚ ਉਨ੍ਹਾਂ ਨੇ ਪੌਰਾਣਿਕ ਪਾਤਰ- ਗਨਿਕਾ, ਧ੍ਰੂਅ, ਗਜ, ਅਜਾਮਲ ਆਦਿ ਦਾ, ਨਾਮ ਸਿਮਰਨ ਰਾਹੀਂ ਉਧਾਰ ਹੋ ਜਾਣ ਦੇ ਹਵਾਲੇ ਪੇਸ਼ ਕਰਦੇ ਹੋਏ ਮਨੁੱਖ ਨੂੰ ਨਾਮ-ਸਿਮਰਨ ਦੀ ਪ੍ਰੇਰਨਾ ਦਿੱਤੀ ਹੈ।[72]

ਮਨੁੱਖ ਦੁਆਰਾ ਨਾਮ ਸਿਮਰਨ ਤੋਂ ਬਿਨਾ ਕੀਤੇ ਗਏ ਤੀਰਥ, ਵਰਤ, ਯੋਗ ਸਾਧਨਾ, ਯੱਗ ਆਦਿ ਧਰਮ ਕਰਮ ਕਿਸੇ ਅਰਥ ਨਹੀਂ ਰਹਿ ਜਾਂਦੇ

---

[71] ਨਾਮੁ ਰਹਿਓ ਸਾਧੂ ਰਹਿਓ ਰਹਿਓ ਗੁਰੁ ਗੋਬਿੰਦੁ ॥
ਕਹੁ ਨਾਨਕ ਇਹ ਜਗਤ ਮੈ ਕਿਨ ਜਪਿਓ ਗੁਰ ਮੰਤੁ ॥੫੬॥
-ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 1429

[72] ਮਨ ਰੇ ਪ੍ਰਭ ਕੀ ਸਰਨਿ ਬਿਚਾਰੋ ॥
...ਨਾਨਕ ਕਹਤ ਚੇਤ ਚਿੰਤਾਮਨਿ ਤੈ ਭੀ ਉਤਰਹਿ ਪਾਰਾ ॥੩॥੪॥ -ਉਹੀ, ਅੰਗ 632

ਹਨ।[73] ਅਕਾਲ ਪੁਰਖ ਦੇ ਨਾਮ ਤੋਂ ਬਿਨਾਂ ਅਜਿਹੇ ਧਾਰਮਿਕ ਕਰਮ ਪਾਣੀ ਵਿਚ ਪਏ ਹੋਏ ਪੱਥਰ ਵਾਂਗ ਹੁੰਦੇ ਹਨ ਜਿਸ 'ਤੇ ਪਾਣੀ ਕੋਈ ਅਸਰ ਨਹੀਂ ਕਰਦਾ।[74]

ਗੁਰੂ ਤੇਗ ਬਹਾਦਰ ਜੀ ਨੇ ਆਪਣੀ ਬਾਣੀ ਅੰਦਰ ਮੁਕਤੀ ਦੇ ਸੰਦਰਭ ਵਿਚ ਜੀਵਨ ਮੁਕਤੀ ਦਾ ਸੰਕਲਪ ਪੇਸ਼ ਕੀਤਾ ਹੈ। ਇਹ ਮੁਕਤੀ ਮਨੁੱਖ ਨੂੰ ਸਮ ਅਵਸਥਾ ਦਾ ਧਾਰਨੀ ਬਣਾਉਂਦੀ ਹੈ। ਗੁਰੂ ਸਾਹਿਬ ਜੀ ਨੇ ਸੋਰਠਿ ਰਾਗ, ਧਨਾਸਰੀ ਰਾਗ, ਗਉੜੀ ਰਾਗ ਦੇ ਸ਼ਬਦਾਂ ਅਤੇ ਆਪਣੇ ਸਲੋਕਾਂ ਵਿਚ ਜੀਵਨ ਮੁਕਤ ਵਾਲੀ ਅਵਸਥਾ ਨੂੰ ਚਿਤ੍ਰਿਤ ਕੀਤਾ ਹੈ। ਇਸ ਉੱਚ ਅਵਸਥਾ ਵਿਚ ਮਨੁੱਖ ਸੁੱਖ-ਦੁੱਖ, ਉਸਤਤ-ਨਿੰਦਾ, ਮਾਨ-ਅਪਮਾਨ, ਖੁਸ਼ੀ-ਗਮੀ ਅਤੇ ਵਿਸ਼ੇ-ਵਿਕਾਰਾਂ ਤੋਂ ਉੱਪਰ ਉੱਠ ਕੇ ਸਮ-ਅਵਸਥਾ ਦਾ ਧਾਰਨੀ ਹੋ ਜਾਂਦਾ ਹੈ। [75]

ਜੀਵਨ ਮੁਕਤ ਵਾਲੀ ਇਹ ਅਵਸਥਾ ਗੁਰੂ ਦੀ ਕਿਰਪਾ ਰਾਹੀਂ ਹੀ ਪ੍ਰਾਪਤ ਹੁੰਦੀ ਹੈ[76] ਅਤੇ ਕਰੋੜਾਂ ਮਨੁੱਖਾਂ ਵਿਚੋਂ ਕੋਈ ਵਿਰਲਾ ਮਨੁੱਖ ਹੀ ਇਸ

---

73 ਕਹਾ ਭਇਓ ਤੀਰਥ ਬ੍ਰਤ ਕੀਏ ਰਾਮ ਸਰਨਿ ਨਹੀ ਆਵੈ ॥
ਜੋਗ ਜਗ ਨਿਹਫਲ ਤਿਹ ਮਾਨਉ ਜੋ ਪ੍ਰਭ ਜਸੁ ਬਿਸਰਾਵੈ ॥੧॥
-ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 830-831

74 ਜੈਸੇ ਪਾਹਨੁ ਜਲ ਮਹਿ ਰਾਖਿਓ ਭੇਦੈ ਨਾਹਿ ਤਿਹ ਪਾਨੀ ॥
ਤੈਸੇ ਹੀ ਤੁਮ ਤਾਹਿ ਪਛਾਨਹੁ ਭਗਤਿ ਹੀਨ ਜੋ ਪ੍ਰਾਨੀ ॥੨॥ -ਉਹੀ, ਅੰਗ 831

75 ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ ॥ ...ਕਾਮੁ ਕ੍ਰੋਧੁ ਜਿਹ ਪਰਸੈ ਨਾਹਨਿ ਤਿਹ ਘਟਿ ਬ੍ਰਹਮੁ ਨਿਵਾਸਾ ॥੨॥ -ਉਹੀ, ਅੰਗ 633

76 ਗੁਰ ਕਿਰਪਾ ਜਿਹ ਨਰ ਕਉ ਕੀਨੀ ਤਿਹ ਇਹ ਜੁਗਤਿ ਪਛਾਨੀ ॥
ਨਾਨਕ ਲੀਨ ਭਇਓ ਗੋਬਿੰਦ ਸਿਉ ਜਿਉ ਪਾਨੀ ਸੰਗਿ ਪਾਨੀ ॥੩॥੧੧॥
-ਉਹੀ, ਅੰਗ 633-634

ਅਵਸਥਾ ਦਾ ਧਾਰਨੀ ਹੁੰਦਾ ਹੈ।[77]


ਸਮੁੱਚੇ ਅਧਿਐਨ ਤੋਂ ਬਾਅਦ ਅਸੀ ਕਹਿ ਸਕਦੇ ਹਾਂ ਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਜੀਵਨ ਅਤੇ ਬਾਣੀ, ਮਾਨਵਤਾ ਲਈ ਇਕ ਪ੍ਰੇਰਣਾ ਸ੍ਰੋਤ ਅਤੇ ਆਦਰਸ਼ ਦਾ ਕਾਰਜ ਕਰ ਰਹੇ ਹਨ ਜਿਸ ਤੋਂ ਸੇਧ ਲੈ ਕੇ 'ਜਗਤ ਜਲੰਦੇ' ਨੂੰ ਸ਼ਾਂਤ ਕੀਤਾ ਜਾ ਸਕਦਾ ਹੈ। ਗੁਰੂ ਸਾਹਿਬ ਜੀ ਦਾ ਜੀਵਨ ਕਦਮ-ਕਦਮ 'ਤੇ ਮਨੁੱਖ ਦੀ ਅਗਵਾਈ ਕਰਦਾ ਹੈ ਅਤੇ ਉਨ੍ਹਾਂ ਦੀ ਬਾਣੀ, ਮਨੁੱਖ ਨੂੰ ਸੰਸਾਰ ਦੇ ਪਦਾਰਥਕ ਮੋਹ ਤੋਂ ਸੁਚੇਤ ਕਰ ਕੇ ਸਦੀਵੀ ਹੋਂਦ ਵਾਲੇ ਸਦੀਵੀ ਸਾਥੀ ਪਰਮਾਤਮਾ ਦੇ ਨਾਮ ਨਾਲ ਜੋੜਦੀ ਹੈ। ਗੁਰੂ ਸਾਹਿਬ ਜੀ ਸਮੁੱਚਾ ਜੀਵਨ ਅਤੇ ਉਨ੍ਹਾਂ ਦੀ ਬਾਣੀ ਮਨੁੱਖ ਨੂੰ ਸੰਸਾਰਕ ਪਦਾਰਥਾਂ ਦੇ ਮੋਹ ਤੋਂ ਉੱਪਰ ਉੱਠਣ ਅਤੇ ਜ਼ੁਲਮ-ਅਨਿਆਂ ਵਿਰੁੱਧ ਖੜ੍ਹੇ ਹੋਣ ਦਾ ਸੰਦੇਸ਼ ਪ੍ਰਦਾਨ ਕਰ ਕੇ ਮਨੁੱਖ ਵਿਚ 'ਭੈ ਕਾਹੂ ਕਉ ਦੇਤਿ ਨਹਿ ਨਹਿ ਭੈ ਮਾਨਤ ਆਨ' ਵਾਲੇ ਗੁਣਾਂ ਦਾ ਸੰਚਾਰ ਕਰਦੇ ਹਨ।

*****

[77] ਕੋਟਨ ਮੈ ਨਾਨਕ ਕੋਊ ਨਾਰਾਇਨੁ ਜਿਹ ਚੀਤਿ ॥੨੪॥

-ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 1427

# ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਪਵਿੱਤਰ ਬੰਸਾਵਲੀ



ਤੇਗ ਦੇ ਬਹਾਦਰੋ ਜੀ, ਹਿੰਦ ਦਿਓ ਚਾਦਰੋ ਜੀ,
ਥੋੜਾ ਇਤਿਹਾਸ ਕਹਿਣਾ ਔਖਾ ਹੈ ਜ਼ੁਬਾਨ ਤੋਂ।
ਤਿਲਕ ਤੇ ਜੰਞੂ ਲਈ, ਜੋ ਕੀਤੀ ਕੁਰਬਾਨੀ ਦੱਸੇ,
ਧਰਮ ਪਿਆਰਾ ਹੁੰਦਾ ਵੱਧ ਜਿੰਦ ਜਾਨ ਤੋਂ।
ਦਿੱਲੀ ਵਿਚ ਹੋਈਆਂ ਭਾਵੇਂ, ਬਹੁਤ ਕੁਰਬਾਨੀਆਂ ਨੇ,
ਵਾਰੇ-ਵਾਰੇ ਜਾਈਏ ਜੀ, ਸ਼ਹੀਦਾਂ ਦੇ ਸਥਾਨ ਤੋਂ।
ਚਾਂਦਨੀ ਚੌਂਕ ਦੀ ਚਮਕ ਨੇ ਵੀ ਆਖ ਦਿੱਤਾ,
ਉੱਚਾ ਨੌਂਵੇਂ ਪਾਤਸ਼ਾਹ ਦਾ, ਰੁਤਬਾ ਜਹਾਨ ਤੋਂ।
'ਗੁਰਮੀਤ ਦਨੌਲੀ' ਸੀਸ ਦੇ ਕੇ ਨਿਭਾਏ ਗੁਰਾਂ,
ਕਸ਼ਮੀਰੀਆਂ ਨਾਲ ਕੀਤੇ ਜਿਹੜੇ, ਬਚਨ ਜ਼ੁਬਾਨ ਤੋਂ।

-ਗੁਰਮੀਤ ਸਿੰਘ 'ਦਨੌਲੀ'

HARYANA SIKH GURDWARA MANAGEMENT COMMITTEE
ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ